# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 11 ISSUE : 13 SATURDAY, 1 APRIL, 2023

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
• Residential Mortgage
• Construction Mortgage
• Commercial Loan
• Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• RESP,RRSP's
• ਮੋਰਟਗੇਜ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com


## ਬੇਘਰ ਔਰਤਾਂ ਲਈ ਰਿਹਾਇਸ਼ ਦੇ ਵਿਕਲਪਾਂ ਦੀ ਘਾਟ ਕਾਰਨ ਵਧ ਰਹੀ ਜਿਣਸੀ ਹਿੰਸਾ-ਸਰਵੇਖਣ




ਵੈਨਕੂਵਰ-ਔਰਤਾਂ ਖਿਲਾਫ ਹਿੰਸਾ ਦੇ ਖਾਤਮੇ ਲਈ ਕੰਮ ਕਰ ਰਹੇ ਇਥੋਂ ਦੇ ਗੈਰ-ਮੁਨਾਫਾ ਸੰਗਠਨ ਨੇ ਕਿਹਾ ਕਿ ਇਕ ਤਾਜ਼ਾ ਸਰਵੇਖਣ ਵਿਚ ਬੇਘਰ ਔਰਤਾਂ ਨੂੰ ਦਰਪੇਸ਼ ਜਿਣਸੀ ਸ਼ੋਸ਼ਣ ਦੇ ਪੱਧਰ ਦੀ ਪੁਸ਼ਟੀ ਹੋਈ ਹੈ ਅਤੇ ਇਹ ਸਵਾਲ ਪੈਦਾ ਹੋ ਰਹੇ ਹਨ ਕਿ ਮੌਜੂਦਾ ਸੇਵਾਵਾਂ ਕਿੰਨੀਆਂ ਪ੍ਰਭਾਵਸ਼ਾਲੀ ਹਨ। ਅਤੀਰਾ ਵੂਮੈਨਜ਼ ਰਿਸੋਰਸ ਸੁਸਾਇਟੀ ਨਵੰਬਰ 2022 ਅਤੇ ਜਨਵਰੀ 2023 ਵਿਚਕਾਰ ਡਾਊਨਟਾਊਨ ਈਸਟਸਾਈਡ ਵਿਚ ਮੇਨ ਅਤੇ ਹੇਸਟਿੰਗਸ ਸਟਰੀਟਸ ਦੇ ਚੌਰਾਹੇ 'ਤੇ ਤੰਬੂਆਂ ਵਿਚ ਰਹਿੰਦੀਆਂ 68 ਔਰਤਾਂ ਨਾਲ ਜੁੜੀ ਹੋਈ ਹੈ। ਗੈਰ-ਮੁਨਾਫਾ ਸੰਗਠਨ ਦੇ ਸੀਈਓ ਜੈਸਿਨ ਐਬਟ ਮੁਤਾਬਿਕ ਇਹ ਗਿਣਤੀ ਆਪਣੇ ਆਪ ਵਿਚ ਹੈਰਾਨ ਕਰਨ ਵਾਲੀ ਹੈ। ਉਨ੍ਹਾਂ ਨੂੰ ਇਹ ਆਸ ਨਹੀਂ ਸੀ ਕਿ ਇੰਨੀਆਂ ਜ਼ਿਆਦਾ ਔਰਤਾਂ ਇਕ ਥਾਂ 'ਤੇ ਹੋਣਗੀਆਂ। ਹਾਲਾਂਕਿ ਸਾਰੀਆਂ ਔਰਤਾਂ ਅਸਲ ਵਿਚ ਪੂਰਾ ਸਮਾਂ ਤੰਬੂਆਂ ਵਿਚ ਨਹੀਂ ਰਹਿ ਰਹੀਆਂ। ਅੰਤਿਮ ਨਤੀਜਿਆਂ ਵਿਚ ਸ਼ਾਮਿਲ 50 ਔਰਤਾਂ ਵਿਚੋਂ 53.6 ਫ਼ੀਸਦੀ ਨੇ ਕਿਹਾ ਕਿ ਉਹ ਤੰਬੂ ਵਿਚ ਸੌਂਦੀਆਂ ਹਨ ਜਦਕਿ 33.8 ਫ਼ੀਸਦੀ ਦਾ ਕਹਿਣਾ *(ਬਾਕੀ ਸਫ਼ਾ 8 'ਤੇ)*

### ਫੈਡਰਲ ਬਜਟ-2023

# ਟਰੂਡੋ ਸਰਕਾਰ ਵਲੋਂ ਡੈਂਟਲ ਕੇਅਰ ਦਾ ਵਿਸਤਾਰ-ਗਰੀਨ ਆਰਥਿਕਤਾ 'ਤੇ ਜ਼ੋਰ

ਓਟਵਾ-ਫੈਡਰਲ ਸਰਕਾਰ ਨੇ ਬਿਜਲੀ 'ਤੇ ਵੱਡਾ ਖਰਚ ਕਰਕੇ ਆਪਣੇ 2023 ਦੇ ਬਜਟ ਵਿਚ ਕੈਨੇਡਾ ਨੂੰ ਗਲੋਬਲ ਕਲੀਨ ਐਨਰਜੀ ਲੀਡਰ ਵਜੋਂ ਸਥਾਨ ਦਿਵਾਉਣ ਦਾ ਵਾਅਦਾ ਕੀਤਾ ਹੈ ਪਰ ਕੌਮੀ ਡੈਂਟਲ ਕੇਅਰ ਯੋਜਨਾ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ ਅਤੇ ਸਰਕਾਰ ਆਪਣੇ ਤਾਜ਼ਾ ਅਪਡੇਟ ਨਾਲੋਂ ਵੱਡੇ ਘਾਟੇ ਦਾ ਅਨੁਮਾਨ ਲਗਾ ਰਹੀ ਹੈ। ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਦੇ ਆਰਥਿਕ ਸੁਨੇਹੇ ਦਾ ਮੁੱਖ ਧਿਆਨ ਇਸ ਗੱਲ 'ਤੇ ਹੈ ਕਿ ਬਜਟ ਕੈਨੇਡਾ ਨੂੰ ਉਸ ਪਲ ਦਾ ਲਾਭ ਲੈਣ ਦੀ ਸਥਿਤੀ ਪ੍ਰਦਾਨ ਕਰੇਗਾ ਜਿਸ ਵਿਚ ਅਮਰੀਕਾ ਤੇ ਦੂਸਰੇ ਲੋਕਤੰਤਰੀ ਸਹਿਯੋਗੀ ਆਪਣੀ ਸਪਲਾਈ ਚੇਨ ਚੀਨ ਤੇ ਰੂਸ 'ਤੇ ਘਟਾਉਂਦੇ ਹੋਏ ਆਪਣੀਆਂ ਅਰਥਵਿਵਸਥਾਵਾਂ ਨੂੰ ਗਰੀਨ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਬਜਟ ਵਿਚ ਇਸ ਗੱਲ ਦਾ ਵੀ ਖੁਲਾਸਾ ਕੀਤਾ ਗਿਆ ਹੈ ਕਿ ਘੱਟਗਿਣਤੀ ਲਿਬਰਲ ਸਰਕਾਰ ਕੌਮੀ ਡੈਂਟਲ ਕੇਅਰ ਪ੍ਰੋਗਰਾਮ ਦੇ ਵਿਸਥਾਰ ਦਾ ਵਾਅਦਾ ਕਰਦੀ ਹੈ ਅਤੇ ਇਹ ਸਰਕਾਰ ਦੇ ਐਨਡੀਪੀ ਨਾਲ ਸਪਲਾਈ ਐਂਡ ਕੌਨਫੀਡੈਂਸ ਅਰੇਂਜਮੈਂਟ ਸਮਝੌਤੇ ਦੀ ਇਕ ਪ੍ਰਮੁੱਖ ਰਿਆਇਤ ਹੈ ਅਤੇ ਇਸ 'ਤੇ ਪੰਜ ਸਾਲਾਂ ਵਿਚ 13 ਅਰਬ ਡਾਲਰ ਖਰਚ ਕੀਤੇ ਜਾਣਗੇ। ਇਸ ਤੋਂ ਪਹਿਲਾਂ ਸਿਰਫ 6 ਅਰਬ ਡਾਲਰ ਰੱਖੇ ਗਏ ਸਨ। ਸਰਕਾਰ ਦੀ ਪੱਤਝੜ ਦੀ ਅਪਡੇਟ ਪਿੱਛੋਂ ਆਰਥਿਕ ਵਿਕਾਸ ਦੇ ਅਨੁਮਾਨ ਵਿਗੜ ਗਏ ਹਨ। ਜਦੋਂ ਇਸ ਨੂੰ ਨਵੇਂ ਖਰਚਿਆ ਨਾਲ ਜੋੜਿਆ ਜਾਵੇ ਤਾਂ ਇਸ ਦਨਾਲ ਓਟਵਾ ਦੀ ਆਰਥਿਕ ਹਾਲਤ ਹੋਰ ਖਰਾਬ ਹੋ ਜਾਵੇਗੀ। ਸਰਕਾਰ ਨੇ ਪੰਜ ਸਾਲਾਂ ਦੇ ਅੰਦਰ ਹਿਸਾਬ ਕਿਤਾਬ ਨੂੰ ਸੰਤੁਲਿਨ ਕਰਨ ਲਈ



ਆਪਣੇ ਪੱਤਝੜ ਦੇ ਅਨੁਮਾਨ ਨੂੰ ਛੱਡ ਦਿੱਤਾ ਹੈ। ਇਸ ਦੀ ਬਜਾਏ ਇਕ ਅਪ੍ਰੈਲ ਤੋਂ ਸ਼ੁਰੂ ਹੋਣ ਵਾਲੇ ਵਿੱਤੀ ਸਾਲ ਵਿਚ ਹੁਣ ਪੱਤਝੜ ਅਪਡੇਟ ਵਿਚ 30.6 ਅਰਬ ਡਾਲਰ ਦੇ ਘਾਟੇ ਦੇ ਮੁਕਾਬਲੇ 40.1 ਅਰਬ ਡਾਲਰ ਦੇ ਘਾਟੇ ਦਾ ਅਨੁਮਾਨ ਲਗਾਇਆ ਗਿਆ ਹੈ। ਸਰਕਾਰ ਹੁਣ ਪੇਸ਼ੀਨਗੋਈ *(ਬਾਕੀ ਸਫ਼ਾ 5 'ਤੇ)*


For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
•Complete Denture •Implant Denture •Partial Denture •Reline, Rebase •Emergency Repair •Mouth / Night Guard
Open Seven Days | Care Home Mobile Service
Abbotsford Location Now Open
ਜੇ ਤੁਹਾਡੇ ਇੱਕ, ਇੱਕ ਤੋ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC

Bank Turndown? Could be just what you need!
Quick Private Funds
• $10,000 to $1 Million in just 24 Hours
• Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
• Pre - Approval available in 24 Hours - rate hold - 120 days
• Bad credit also welcome
AMANDEEP DUGGAL MORTGAGE BROKER
A Better Way
604-368 -2030
604-227-9694
# 102-6321 King George Blvd, Surrey

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S T & A
Simpson, Thomas & Associates
TRIAL LAWYERS
"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy
B.C.'s Pioneering Law Firm for Motor Vehicle and Personal Injury Cases
For over 50 years Simpson, Thomas & Associates (formerly Simpson & Company) have been advocates for personal injury victims seeking justice.
A+ Rated
BBB. ACCREDITED BUSINESS
"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon
Our history of successfully settling personal injury claims has garnered respect from our clients, and within the legal and rehabilitation communities in B.C.
Brain Injury
Paraplegia
Quadriplegia
Spinal Cord Injury
Translation Services Available
STA has support staff fluent in Punjabi, Hindi and Gujarati.
Your Needs Come First
If mobility is a challenge, we can come to you.
Adam Ueland
LAWYER
Call Simpson, Thomas & Associates at 604-229-6448 to request a free initial legal consultation or fill out our online form on simpsonthomas.com
"We have offices in Vancouver and Surrey/Delta."
Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 13 SATURDAY, 1 APRIL, 2023
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
ਤਿੰਨ ਰੰਗ
7pm to 10pm
B.C. Time Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

## ਸ਼੍ਰੋਮਣੀ ਕਮੇਟੀ ਦਾ 1138 ਕਰੋੜ ਦਾ ਬਜਟ ਪਾਸ



ਅੰਮ੍ਰਿਤਸਰ (ਲਾਂਬਾ)- ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿੱਤੀ ਸਾਲ 2023-24 ਲਈ ਅਨੁਮਾਨਤ 1138 ਕਰੋੜ 14 ਲੱਖ ਰੁਪਏ ਦਾ ਸਾਲਾਨਾ ਬਜਟ ਪਾਸ ਕਰ ਦਿੱਤਾ ਹੈ। ਇਹ ਰਕਮ ਪਿਛਲੇ ਸਾਲ ਦੇ ਬਜਟ 988 ਕਰੋੜ ਰੁਪਏ ਨਾਲੋਂ 17 ਫੀਸਦ ਵੱਧ ਹੈ। ਕਮੇਟੀ ਨੂੰ ਬਜਟ ਵਿੱਚ ਲਗਪਗ 32 ਕਰੋੜ ਰੁਪਏ ਦੇ ਘਾਟੇ ਦਾ ਅਨੁਮਾਨ ਹੈ। ਐਤਕੀਂ ਬਜਟ ਵਿਚ ਗੁਰਦੁਆਰਿਆਂ ਦੇ ਪ੍ਰਬੰਧ ਵੱਲ *(ਬਾਕੀ ਸਫ਼ਾ 10 'ਤੇ)*

## ਜਲੰਧਰ ਜ਼ਿਮਨੀ ਚੋਣ 10 ਮਈ ਨੂੰ

ਨਵੀਂ ਦਿੱਲੀ-ਚੋਣ ਕਮਿਸ਼ਨ ਨੇ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਦੀ ਤਰੀਕ ਦਾ ਐਲਾਨ ਕਰ ਦਿੱਤਾ ਹੈ। 10 ਮਈ ਨੂੰ ਵੋਟਾਂ ਪੈਣਗੀਆਂ ਅਤੇ 13 ਮਈ ਨੂੰ ਗਿਣਤੀ ਹੋਵੇਗੀ। ਕਾਂਗਰਸ ਦੇ ਜਲੰਧਰ ਤੋਂ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ (76) ਦੀ 14 ਜਨਵਰੀ ਨੂੰ ਪੰਜਾਬ ਦੇ ਫਿਲੌਰ ਵਿੱਚ ਭਾਰਤ ਜੋੜੋ ਯਾਤਰਾ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ ਤੇ ਇਸ ਕਾਰਨ ਇਹ ਸੀਟ ਖਾਲੀ ਹੋ ਗਈ ਸੀ।

# ਅੰਮ੍ਰਿਤਪਾਲ ਸਿੰਘ ਵੱਲੋਂ ਵੀਡੀਓ ਰਾਹੀਂ ਚੜ੍ਹਦੀ ਕਲਾ ਵਿਚ ਹੋਣ ਦਾ ਸੁਨੇਹਾ

## ਸਿੰਘ ਸਾਹਿਬ ਨੂੰ ਸਰਬਤ ਖਾਲਸਾ ਬੁਲਾਉਣ ਦੀ ਕੀਤੀ ਅਪੀਲ

ਚੰਡੀਗੜ੍ਹ-'ਵਾਰਿਸ ਪੰਜਾਬ ਦੇ' ਪ੍ਰਮੁੱਖ ਅੰਮ੍ਰਿਤਪਾਲ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਤਮ-ਸਮਰਪਣ ਦੇ ਕਿਆਸਾਂ ਦੌਰਾਨ ਆਪਣੀ ਛੁਪਣਗਾਹ ਤੋਂ ਇੱਕ ਵੀਡੀਓ ਸੁਨੇਹਾ ਜਾਰੀ ਕਰ ਕੇ ਦਾਅਵਾ ਕੀਤਾ ਹੈ ਕਿ ਉਹ ਚੜ੍ਹਦੀ ਕਲਾ 'ਚ ਹੈ। ਉਸ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਕਿਹਾ ਕਿ ਉਹ ਵਿਸਾਖੀ 'ਤੇ ਸਰਬੱਤ ਖਾਲਸਾ ਸੱਦ ਕੇ ਸਿੱਖ ਭਾਈਚਾਰੇ ਨਾਲ ਸਬੰਧਤ ਮੁੱਦਿਆਂ 'ਤੇ ਵਿਚਾਰਾਂ ਕਰਨ। ਕਰੀਬ ਬਾਰ੍ਹਾਂ ਦਿਨਾਂ ਦੀ ਲੁਕਣਮੀਟੀ ਮਗਰੋਂ ਜਾਰੀ ਸੁਨੇਹੇ ਵਿੱਚ ਜਿੱਥੇ ਅੰਮ੍ਰਿਤਪਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੋਂ ਅਗਵਾਈ ਲਈ ਆਸਵੰਦ ਦਿਖਿਆ ਹੈ, ਉੱਥੇ ਉਸ ਨੇ ਲੋਕਾਂ 'ਤੇ ਵੀ ਟੇਕ ਲਾਈ ਹੋਈ ਹੈ ਕਿ ਇਸ ਔਖੀ ਘੜੀ 'ਚ ਉਹ ਉਸ ਦਾ ਸਾਥ ਦੇਣਗੇ। ਅੰਮ੍ਰਿਤਪਾਲ ਨੇ ਵੀਡੀਓ ਸੁਨੇਹਾ ਜਾਰੀ ਕਰਕੇ ਉਸ ਦੇ ਪੁਲੀਸ ਹਿਰਾਸਤ 'ਚ ਹੋਣ ਦੇ ਭਰਮਾਂ ਤੋਂ ਵੀ ਧੂੜ ਝਾੜ ਦਿੱਤੀ ਹੈ। ਅੰਮ੍ਰਿਤਪਾਲ ਨੇ ਵੀਡੀਓ ਸੁਨੇਹੇ *(ਬਾਕੀ ਸਫ਼ਾ 10 'ਤੇ)*



## 348 ਸਿੱਖ ਨੌਜਵਾਨ ਰਿਹਾਅ ਕੀਤੇ

ਅੰਮ੍ਰਿਤਸਰ-ਅਕਾਲ ਤਖ਼ਤ ਦੇ ਸਕੱਤਰੇਤ ਅਨੁਸਾਰ ਪਿਛਲੇ ਦਿਨਾਂ ਦੌਰਾਨ ਪੁਲੀਸ ਵੱਲੋਂ ਧਾਰਾ 107 /151 ਤਹਿਤ ਗ੍ਰਿਫਤਾਰ ਕੀਤੇ ਗਏ 360 ਸਿੱਖ ਨੌਜਵਾਨਾਂ ਵਿਚੋਂ 348 ਨੌਜਵਾਨ ਰਿਹਾਅ ਕੀਤੇ ਜਾ ਚੁੱਕੇ ਹਨ। ਇਹ ਜਾਣਕਾਰੀ ਸਰਕਾਰ ਪੱਧਰ 'ਤੇ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਦਿੱਤੀ ਗਈ ਹੈ। ਜਦੋਂ ਕਿ ਕੌਮੀ ਸੁਰੱਖਿਆ ਐਕਟ ਅਤੇ ਹੋਰ ਧਰਾਵਾਂ ਹੇਠ ਗ੍ਰਿਫ਼ਤਾਰ ਨੌਜਵਾਨਾਂ ਦੀ ਰਿਹਾਈ ਬਾਰੇ ਅਕਾਲ ਤਖ਼ਤ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ *(ਬਾਕੀ ਸਫ਼ਾ 10 'ਤੇ)*

## ਪੁਲਿਸ ਵਲੋਂ ਡਰੋਨ ਤਾਇਨਾਤ

ਜਲੰਧਰ-ਕਈ ਦਿਨ ਤੋਂ ਫ਼ਰਾਰ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਪੰਜਾਬ ਪੁਲੀਸ ਦੇ ਹੱਥ ਨਹੀਂ ਆ ਰਿਹਾ। ਹੁਣ ਪੁਲੀਸ ਨੇ ਦੱਸਿਆ ਕਿ ਉਹ ਉਸ ਚਿੱਟੀ ਸਵਿਫਟ ਕਾਰ,ਜਿਸ ਦਾ ਨੰਬਰ '8168' ਹੈ, ਦੀ ਭਾਲ ਕਰ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਉਹ ਇਸ ਕਾਰ 'ਚ ਭੱਜਿਆ ਹੈ। ਇਸ ਦੇ ਨਾਲ ਪੁਲੀਸ ਨੇ ਉਸ ਨੂੰ ਲੱਭਣ ਲਈ ਡਰੋਨ ਤਾਇਨਾਤ ਕੀਤੇ ਹਨ। ਉਧਰ ਅੰਮ੍ਰਿਤਪਾਲ ਸਿੰਘ ਦੀ ਵੀਡੀਓ ਜਾਰੀ ਹੋਣ ਬਾਅਦ ਹਿਮਾਚਲ ਪ੍ਰਦੇਸ਼ ਦੇ ਸਰਹੱਦੀ ਇਲਾਕਿਆਂ 'ਚ ਅਲਰਟ ਜਾਰੀ ਕਰ ਦਿੱਤਾ ਗਿਆ ਹੈ

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAid BC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਪੈਟੂਲੋ ਬ੍ਰਿਜ ਅਗਲੇ ਹਫਤੇ ਦੌਰਾਨ ਮੁਕੰਮਲ ਬੰਦ ਰਹੇਗਾ

ਸਰੀ (ਹਰਦਮ ਮਾਨ)-ਆਉਣ ਵਾਲੇ ਹਫਤੇ ਦੌਰਾਨ ਸਰੀ ਅਤੇ ਨਿਊ ਵੈਸਟਮਿਨਸਟਰ ਨੂੰ ਮਿਲਾਉਣ ਵਾਲਾ ਪੈਟੂਲੋ ਬ੍ਰਿਜ ਰਿਪਲੇਸਮੈਂਟ ਪ੍ਰੋਜੈਕਟ ਕਾਰਨ ਬੰਦ ਰਹੇਗਾ। ਟਰਾਂਸਲਿੰਕ ਵੱਲੋਂ ਇਹ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਹੈ ਕਿ ਇਹ ਪੁਲ 6 ਅਪ੍ਰੈਲ (ਵੀਰਵਾਰ) ਨੂੰ ਰਾਤ 11 ਵਜੇ ਤੋਂ ਲੈ ਕੇ 11 ਅਪ੍ਰੈਲ (ਮੰਗਲਵਾਰ) ਸਵੇਰੇ 5 ਵਜੇ ਤੱਕ ਦੋਹਾਂ ਪਾਸਿਆਂ ਤੋਂ ਮੁਕੰਮਲ ਬੰਦ ਰਹੇਗਾ। ਇਸ ਦੌਰਾਨ ਟ੍ਰਾਂਸਲਿੰਕ ਇਸ ਪੁਲ ਦੇ ਸਪੀਡ ਸਾਈਨ ਰੀਲੋਕੇਸ਼ਨ, ਲਾਈਨ ਪੇਂਟਿੰਗ, ਕੰਕਰੀਟ ਪੈਚਿੰਗ ਅਤੇ ਓਵਰਹੈੱਡ ਬ੍ਰਿਜ ਟਰਸ ਉੱਤੇ ਰੱਸੀ ਦੀ ਪਹੁੰਚ ਦੀ ਲੋੜ ਵਾਲੇ ਨਿਰੀਖਣ ਕਾਰਜ ਕਰੇਗਾ। ਟਰਾਂਸਲਿੰਕ ਨੇ ਇਸ ਪੁਲ ਤੋਂ ਲੰਘਣ ਵਾਲਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਹਫਤੇ ਦੌਰਾਨ ਪੋਰਟ ਮਾਨ ਬ੍ਰਿਜ ਜਾਂ ਅਲੈਕਸ ਫਰੇਜ਼ਰ ਬ੍ਰਿਜ ਦੀ ਵਰਤੋਂ ਕਰਨ। ਪੈਟੂਲੋ



ਪੁਲ ਬੰਦ ਹੋਣ ਨਾਲ ਪ੍ਰਭਾਵਿਤ ਹੋਣ ਵਾਲੀ ©19 ਨਾਈਟ-ਬੱਸ ਸਰਵਿਸ ਨੂੰ ਨਿਊ ਵੈਸਟਮਿੰਸਟਰ ਅਤੇ ਸਕਾਟ ਰੋਡ ਸਟੇਸ਼ਨਾਂ ਦੇ ਵਿਚਕਾਰ ਅਲੈਕਸ ਫਰੇਜ਼ਰ ਅਤੇ ਕਵੀਂਸਬਰੋ ਬ੍ਰਿਜ 'ਤੇ ਮੁੜ ਰੂਟ ਕੀਤਾ ਜਾਵੇਗਾ। ਇਹ ਵੀ ਕਿਹਾ ਗਿਆ ਹੈ ਕਿ ਮੁਸਾਫਰਾਂ ਨੂੰ ਇਸ ਸਫਰ ਸਮੇਂ 30 ਮਿੰਟ ਦਾ ਜ਼ਿਆਦਾ ਸਮਾਂ ਰੱਖ ਕੇ ਯੋਜਨਾ ਬਣਾਉਣੀ ਚਾਹੀਦੀ ਹੈ।

# ਮੋਟਰ ਗੱਡੀ ਚੋਰੀ ਲਈ ਦੋਸ਼ੀ ਠਹਿਰਾਏ ਜਾਣ ਤੋਂ ਇਕ ਦਿਨ ਪਿਛੋਂ ਵਿਅਕਤੀ 'ਤੇ ਫਿਰ ਦੋਸ਼ ਲਗਾਏ

ਐਬਟਸਫੋਰਡ-ਇਕ ਮਸ਼ਹੂਰ ਅਪਰਾਧੀ ਜਿਸ ਨੂੰ ਮੋਟਰ ਗੱਡੀ ਦੇ ਚੋਰੀ ਕਰਨ ਲਈ ਦੋਸ਼ੀ ਕਰਾਰ ਦਿੱਤਾ ਸੀ ਨੂੰ ਇਕ ਵਾਰ ਫਿਰ ਐਬਟਸਫੋਰਡ ਵਿਚ ਉਸ ਸਮੇਂ ਗ੍ਰਿਫ਼ਤਾਰ ਕਰ ਲਿਆ ਜਦੋਂ ਉਹ ਇਕ ਹੋਰ ਚੋਰੀ ਕੀਤੀ ਕਾਰ ਨੂੰ ਨਸ਼ੇ ਵਿਚ ਟੱਲੀ ਹੋ ਕੇ ਚਲਾ ਰਿਹਾ ਸੀ। ਐਬਟਸਫੋਰਡ ਪੁਲਿਸ ਵਿਭਾਗ ਨਾਲ ਜੁੜੇ ਮੀਡੀਆ ਰਿਲੇਸ਼ਨਜ਼ ਅਫਸਰ ਸਾਰਜੈਂਟ ਪਾਲ ਵਾਕਰ ਨੇ ਦੱਸਿਆ ਕਿ ਘਟਨਾ ਸ਼ਾਮ 6.15 ਵਜੇ ਸ਼ੁਰੂ ਹੋਈ ਜਦੋਂ ਗਸ਼ਤ ਕਰ ਰਹੇ ਅਫਸਰਾਂ ਨੇ ਵਿਕਟੋਰੀਆ ਸਟਰੀਟ ਦੇ 2800 ਬਲਾਕ ਵਿਚ ਚੋਰੀ ਕੀਤੀ ਟੋਇਟਾ 4 ਰਨਰ ਨੂੰ ਚਲਾਉਂਦੇ ਸਮੇਂ ਫੜਿਆ। ਅਧਿਕਾਰੀਆਂ ਨੇ ਸਾਊਥ ਫਰੇਜ਼ਰ ਵੈਲੀ ਦੇ 31900 ਬਲਾਕ ਵਿਚ ਕਾਰ ਦੇ ਰੁਕਣ ਤਕ ਇਕ ਨਿਸ਼ਾਨ ਰਹਿਤ ਕਾਰ ਵਿਚ ਉਸ ਦਾ ਪਿੱਛਾ ਕੀਤਾ। ਡਰਾਈਵਰ ਨੇ ਦੌੜਨ ਦੀ ਕੋਸ਼ਿਸ਼ ਕੀਤੀ ਪਰ ਥੋੜੀ ਦੇਰ ਪਿੱਛਾ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਕਾਰ ਵਿਚ ਸਵਾਰ ਔਰਤ ਯਾਤਰੀ ਨੂੰ ਵੀ ਗ੍ਰਿਫਤਾਰ ਕਰ ਲਿਆ ਪਰ ਬਾਅਦ ਵਿਚ ਛੱਡ ਦਿੱਤਾ ਗਿਆ। ਡਰਾਈਵਰ ਦੀ ਪਛਾਣ 47 ਸਾਲਾ ਅਲਬਰਟ ਫੋਂਟੇਨ ਵਜੋਂ ਕੀਤੀ ਗਈ। ਉਸ ਤੋਂ ਚੋਰੀ ਦੀ ਪ੍ਰਾਪਰਟੀ ਕੋਲ ਰੱਖਣ, ਨਸ਼ਾ ਕਰਕੇ ਡਰਾਈਵਿੰਗ ਕਰਨ, ਸਾਹ ਦਾ ਨਮੂਨਾ ਦੇਣ ਤੋਂ ਇਨਕਾਰ ਕਰਨ, ਰਿਲੀਜ਼ ਆਰਡਰ ਦੀ ਉਲੰਘਣਾ ਅਤੇ ਮਨਾਹੀ ਕੀਤੇ ਹੋਣ 'ਤੇ ਡਰਾਈਵਿੰਗ ਕਰਨ ਦੇ ਦੋਸ਼ ਲਗਾਏ ਗਏ ਹਨ। ਫੋਟੇਂਨ ਨੂੰ ਇਕ ਦਿਨ ਪਹਿਲਾਂ ਹੀ 12 ਮਹੀਨੇ ਡਰਾਈਵਿੰਗ ਕਰਨ ਦੀ ਮਨਾਹੀ ਦੀ ਸਜ਼ਾ ਸੁਣਾਈ ਗਈ ਸੀ।



TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)
Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
rcic · cric
TEJINDER GREWAL: 604-837-3101
License No. 562

Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL
RAJ GILL, AMP
VANCOUVER
Unit 200-6330 Fraser St
@47 Ave & Fraser St
604 564 1000
VERICO CANADA'S TRUSTED MORTGAGE EXPERTS
Our Symbol of Care & Service
Superior Mortgage
The Banking Alternative
SHARNJIT GILL, AMP
SURREY
Unit 244 8138 128 St
604 507 1000
www.quickapproval.ca

JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
BBB ACCREDITED BUSINESS
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

HOUSE INSURANCE UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP
• Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

# ਪੌਣਪਾਣੀ, ਡੈਂਟਲ ਕੇਅਰ ਅਤੇ ਘਾਟੇ ਦੀਆਂ 7 ਮੁੱਖ ਗੱਲਾਂ

ਓਟਵਾ-ਫੈਡਰਲ ਸਰਕਾਰ ਨੇ ਆਪਣੇ 2023 ਬਜਟ ਵਿਚ ਪੌਣਪਾਣੀ ਅਤੇ ਡੈਂਟਲ ਕੇਅਰ 'ਤੇ ਖਰਚ ਕਰਨ ਦਾ ਵਾਅਦਾ ਕੀਤਾ ਹੈ ਅਤੇ ਉੱਚੀ ਆਮਦਨ ਵਾਲੇ ਕੈਨੇਡਾ ਵਾਸੀਆਂ 'ਤੇ ਟੈਕਸ ਵਧਾਇਆ ਜਾ ਰਿਹਾ ਹੈ। ਬਜਟ ਦੀਆਂ 7 ਖ਼ਾਸ ਗੱਲਾਂ ਹੇਠ ਲਿਖੇ ਮੁਤਾਬਿਕ ਹਨ।

### ਹੋਮ ਸੇਵਿੰਗ ਖਾਤਾ ਕਾਇਮ ਹੋਵੇਗਾ

ਟੈਕਸ ਮੁਕਤ ਹੋਮ ਸੇਵਿੰਗ ਖਾਤਾ ਕਾਇਮ ਕਰਨ ਦੇ ਵਾਅਦੇ 'ਤੇ ਚਲਦਿਆਂ ਸਰਕਾਰ ਦਾ ਕਹਿਣਾ ਕਿ ਵਿੱਤੀ ਸੰਸਥਾਵਾਂ ਇਕ ਅਪ੍ਰੈਲ ਤੋਂ ਉਨ੍ਹਾਂ ਦੀ ਪੇਸ਼ਕਸ਼ ਕਰ ਸਕਣਗੀਆਂ। ਖਾਤਿਆਂ ਨਾਲ ਪਹਿਲੀ ਵਾਰ ਘਰ ਖਰੀਦਣ ਵਾਲੇ 40000 ਡਾਲਰ ਤਕ ਬਚਤ ਕਰ ਸਕਣਗੇ ਅਤੇ ਯੋਗਦਾਨ ਵੀ ਟੈਕਸ ਮੁਕਤ ਹੋਵੇਗਾ। ਵਿਅਕਤੀ ਇਕ ਸਾਲ ਵਿਚ 8000 ਡਾਲਰ ਤਕ ਯੋਗਦਾਨ ਪਾ ਸਕਣਗੇ।

### ਡੈਂਟਲ ਯੋਜਨਾ

ਇਸ ਸਾਲ ਦੇ ਅਖੀਰ ਵਿਚ ਘੱਟ ਆਮਦਨ ਵਾਲੇ ਲੋਕਾਂ ਲਈ ਕੌਮੀ ਡੈਂਟਲ ਕੇਅਰ ਯੋਜਨਾ ਸ਼ੁਰੂ ਹੋਵੇਗੀ। 90000 ਡਾਲਰ ਤੋਂ ਘੱਟ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਦੇ ਬੀਮਾ ਰਹਿਤ ਕੈਨੇਡੀਅਨਾਂ ਨੂੰ ਡੈਂਟਲ ਕਵਰੇਜ ਮੁਹੱਈਆ ਕੀਤੀ ਜਾਵੇਗੀ ਅਤੇ 70 ਹਜ਼ਾਰ ਡਾਲਰ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਕੋਈ ਵੀ ਸਹਿ-ਭੁਗਤਾਨ ਨਹੀਂ ਕਰਨਾ ਪਵੇਗਾ। ਇਸ ਯੋਜਨਾ ਤਹਿਤ ਅਗਲੇ ਪੰਜ ਸਾਲਾਂ ਵਿਚ 13 ਅਰਬ ਡਾਲਰ ਖ਼ਰਚ ਕੀਤੇ ਜਾਣਗੇ। ਪਿਛਲਾ ਬਜਟ 6 ਅਰਬ ਡਾਲਰ ਦਾ ਸੀ। ਸਰਕਾਰ ਦੂਰ ਦੁਰਾਡੇ ਰਹਿੰਦੇ ਲੋਕਾਂ ਤਕ ਵੀ ਕਵਰੇਜ ਦਾ ਵਿਸਤਾਰ ਕਰ ਰਹੀ ਹੈ।

### ਘਾਟਾ ਵਧਣ ਦਾ ਅਨੁਮਾਨ

ਸਰਕਾਰ ਦੇ ਪੱਤਝੜ ਦੇ ਵਿੱਤੀ ਅਪਡੇਟ ਪਿੱਛੋਂ ਆਰਥਿਕ ਵਿਕਾਸ ਦੇ ਅਨੁਮਾਨ ਖਰਾਬ ਹੋ ਗਏ ਹਨ ਅਤੇ ਓਟਵਾ ਨੇ ਪੰਜ ਸਾਲਾਂ ਵਿਚ ਕਿਤਾਬਾਂ ਨੂੰ ਸੰਤੁਲਨ ਕਰਨ ਲਈ ਆਪਣੇ ਪੱਤਝੜ ਦੇ ਅਨੁਮਾਨਾਂ ਨੂੰ ਛੱਡ ਦਿੱਤਾ ਹੈ। ਇਕ ਅਪ੍ਰੈਲ ਤੋਂ ਸ਼ੁਰੂ ਹੋਣ ਰਹੇ ਵਿੱਤੀ ਸਾਲ ਵਿਚ ਪੱਤਝੜ ਅਪਡੇਟ ਦੇ 30.6 ਅਰਬ ਡਾਲਰ ਦੇ ਮੁਕਾਬਲੇ ਹੁਣ 40.1 ਅਰਬ ਡਾਲਰ ਦੇ ਘਾਟੇ ਦਾ ਅਨੁਮਾਨ ਲਗਾਇਆ ਗਿਆ ਹੈ। ਸਰਕਾਰ ਹੁਣ ਅਨੁਮਾਨ ਲਗਾ ਰਹੀ ਹੈ ਕਿ ਘਾਟਾ 2027-28 ਤਕ ਘੱਟ ਕੇ 14 ਅਰਬ ਡਾਲਰ ਰਹਿ ਜਾਵੇਗਾ।

### ਬਿਜਲੀ 'ਤੇ ਜ਼ਿਆਦਾ ਖਰਚ

ਓਟਵਾ ਦੀ ਗਰੀਨ ਐਨਰਜੀ ਯੋਜਨਾ ਦੀ ਰੀੜ੍ਹ ਦੀ ਹੱਡੀ ਕਲੀਨ ਬਿਜਲੀ ਲਈ ਚਾਰ ਸਾਲਾਂ ਵਿਚ 6.3 ਅਰਬ ਡਾਲਰ ਦਾ ਰਿਫੰਡ ਕੀਤਾ ਜਾਣ ਵਾਲਾ ਟੈਕਸ ਕ੍ਰੈਡਿਟ ਹੈ ਜਿਹੜਾ ਸੂਬਾਈ ਯੁਟਿਲਟੀਜ਼ ਦੇ ਨਾਲ ਨਾਲ ਨਿੱਜੀ ਤੇ ਸਵਦੇਸ਼ੀ ਮਾਲਕੀ ਵਾਲੀ ਸੰਪਤੀਆਂ ਲਈ ਉਪਲਬਧ ਹੋਵੇਗਾ। 2050 ਤਕ ਬਿਜਲੀ ਦੀ ਮੰਗ ਦੁੱਗਣੀ ਹੋਣ ਦੀ ਆਸ ਹੈ ਅਤੇ ਸਰਕਾਰ ਸਸਤੀ, ਕਲੀਨ ਬਿਜਲੀ ਨੂੰ ਕੈਨੇਡਾ ਦੀ ਮੁਕਾਬਲੇ ਵਿਚ ਲਾਭ ਵਾਲੀ ਅਤੇ ਭਵਿੱਖ ਦੀ ਆਰਥਿਕ ਸਫਲਤਾ ਦੀ ਕੁੰਜੀ ਵਜੋਂ ਦੇਖਦੀ ਹੈ।

### ਕਲੀਨ ਆਰਥਿਕਤਾ ਲਈ ਗਰੋਥ ਫੰਡ

ਪਿਛਲੇ ਸਾਲ ਦੇ ਬਜਟ ਵਿਚ ਐਲਾਨੇ 15 ਅਰਬ ਡਾਲਰ ਦੇ ਗਰੋਥ ਫੰਡ ਦਾ ਉਦੇਸ਼ ਕਲੀਨ ਆਰਥਿਕਤਾ 'ਤੇ ਖਰਚ ਲਈ ਖਰਬਾਂ ਡਾਲਰ ਦੇ ਨਿੱਜੀ ਨਿਵੇਸ਼ ਦਾ ਲਾਭ ਲੈਣਾ ਹੈ।

### ਅਮੀਰਾਂ ਤੋਂ ਜ਼ਿਆਦਾ ਟੈਕਸ ਲੈਣਾ

ਫੈਡਰਲ ਸਰਕਾਰ ਟੈਕਸ ਦੀ ਦਰ ਨੂੰ 15 ਫ਼ੀਸਦੀ ਤੋਂ 20.5 ਫ਼ੀਸਦ ਕਰਕੇ ਸੁਪਰ ਅਮੀਰ ਕੈਨੇਡੀਅਨ ਤੋਂ ਜ਼ਿਆਦਾ ਟੈਕਸ ਲੈਣ ਲਈਆਲਟਰਨੇਟਿਵ ਮਿਨੀਮਮ ਟੈਕਸ (ਏਐਮਟੀ) ਵਿਚ ਤਬਦੀਲੀ ਕਰ ਰਹੀ ਹੈ ਅਤੇ ਟੈਕਸ ਤਰਜੀਹਾਂ ਦੀ ਵਧੇਰੇ ਵਰਤੋਂ ਨੂੰ ਸੀਮਤ ਕਰ ਰਹੀ ਹੈ। ਤਜਵੀਜ਼ ਤਹਿਤ ਮੁੱਢਲੀ ਏਐਮਟੀ ਛੋਟ 40000 ਤੋਂ ਵਧਾ ਕੇ 173000 ਡਾਲਰ ਕਰ ਦਿੱਤੀ ਜਾਵੇਗੀ। ਇਨ੍ਹਾਂ ਤਬਦੀਲੀਆਂ ਨਾਲ ਅਗਲੇ ਪੰਜ ਸਾਲਾ ਵਿਚ ਤਿੰਨ ਅਰਬ ਡਾਲਰ ਦਾ ਮਾਲੀਆ ਪ੍ਰਾਪਤ ਹੋਵੇਗਾ।

### ਯੂਕਰੇਨ ਲਈ ਹੋਰ ਸਹਾਇਤਾ

ਕੈਨੇਡਾ ਯੂਕਰੇਨ ਨੂੰ 2.4 ਅਰਬ ਡਾਲਰ ਦਾ ਹੋਰ ਉਧਾਰ ਦੇ ਰਿਹਾ ਹੈ ਜਿਸ ਨਾਲ ਜੰਗ ਸ਼ੁਰੂ ਹੋਣ ਪਿੱਛੋਂ ਕੀਵ ਨੂੰ ਕੁਲ ਸਹਾਇਤਾ 8 ਅਰਬ ਡਾਲਰ ਤੋਂ ਵੱਧ ਜਾਵੇਗੀ। ਬਜਟ ਯੂਕਰੇਨੀ ਨਾਗਰਿਕਾਂ ਨੂੰ ਲਗਪਗ 172 ਮਿਲੀਅਨ ਡਾਲਰ ਦਾ ਵਾਧੂ ਸਹਾਇਤਾ ਦੀ ਭੁਗਤਾਨ ਵੀ ਮੁਹੱਈਆ ਕਰਦਾ ਹੈ ਜਿਹੜੇ ਘੱਟੋ ਘੱਟ ਆਰਜ਼ੀ ਤੌਰ 'ਤੇ ਕੈਨੇਡਾ ਨੂੰ ਆਪਣਾ ਘਰ ਬਣਾ ਰਹੇ ਹਨ।

### ਫੁੱਟਕਲ ਗੱਲਾਂ

ਅਲਕੋਹਲ 'ਤੇ ਟੈਕਸ ਸੀਮਤ ਕਰਨਾ-ਸਰਕਾਰ ਇਕ ਸਾਲ ਲਈ ਅਲਕੋਹਲ ਵਾਲੇ ਉਤਪਾਦਾਂ 'ਤੇ ਮਹਿੰਗਾਈ ਮੁਤਾਬਿਕ ਟੈਕਸਾਂ ਨੂੰ 2 ਫ਼ੀਸਦੀ 'ਤੇ ਸੀਮਤ ਕਰ ਰਹੀ ਹੈ।

**ਜੰਕ ਫੀਸ**-ਸਰਕਾਰ ਵਲੋਂ ਸੰਭਾਵਤ ਨਵੇਂ ਕਾਨੂੰਨ ਰਾਹੀਂ ਇੰਟਰਨੈਟ ਓਵਰਏਜ ਚਾਰਜਸ, ਸੰਗੀਤ ਸਮਾਰੋਹ, ਸ਼ਿਪਿੰਗ ਅਤੇ ਸਮਾਨ ਫੀਸਾਂ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

**ਮੁਰੰਮਤ ਦਾ ਹੱਕ**-ਖਰਚੇ ਤੇ ਰਹਿੰਦ ਖੂੰਹਦ ਘਟਾਉਣ ਲਈ ਸਰਕਾਰ ਦਾ 2024 ਵਿਚ ਮੁਰੰਮਤ ਦੇ ਅਧਿਕਾਰ ਦਾ ਢਾਂਚਾ ਪੇਸ਼ ਕਰਨ ਦਾ ਉਦੇਸ਼ ਹੈ ਅਤੇ ਇਸ ਦਾ ਕਹਿਣਾ ਕਿ ਉਪਕਰਣ ਆਸਾਨੀ ਨਾਲ ਮੁਰੰਮਤ ਕੀਤੇ ਯੋਗ ਹੋਣੇ ਚਾਹੀਦੇ ਹਨ, ਸਪੇਅਰ ਪਾਰਟਸ ਆਸਾਨੀ ਨਾਲ ਪਹੁੰਚਯੋਗ ਹੋਣੇ ਚਾਹੀਦੇ ਅਤੇ ਕੰਪਨੀਆਂ ਮੁਰੰਮਤ ਰੋਕਣ ਲਈ ਗੁੰਝਲਦਾਰ ਪ੍ਰੋਗਰਾਮਿੰਗ ਨਾ ਪੇਸ਼ ਕਰਨ ਜਾਂ ਬੇਸਪੋਕ ਪੁਰਜਿਆਂ ਤਕ ਪਹੁੰਚ ਹੋਣੀ ਚਾਹੀਦੀ ਹੈ।

**ਕਾਮਨ ਚਾਰਜਰਸ**-ਸਰਕਾਰ 2025 ਤਕ ਸਾਰੇ ਛੋਟੇ ਹੱਥ ਨਾਲ ਵਰਤੇ ਜਾਣ ਵਾਲੇ ਉਪਕਰਣਾਂ ਅਤੇ ਲੈਪਟੈਪਾਂ ਲਈ ਯੂਰਪੀਨ ਯੂਨੀਅਨ ਦੇ ਯੂਐਸਬੀ-ਸੀ ਦੇ ਆਦੇਸ਼ ਦੇ ਸਮਾਨ ਸਟੈਂਡਰਡ ਚਾਰਜਿੰਗ ਪੋਰਟ ਲਾਗੂ ਕਰਨ 'ਤੇ ਕੰਮ ਕਰੇਗੀ।

**ਆਟੋਮੈਟਿਕ ਟੈਕਸ ਫਾਈਲਿੰਗ**-ਕੈਨੇਡਾ ਰੈਵੀਨਿਊ ਏਜੰਸੀ ਆਟੋ ਫਾਈਲ ਰਿਟਰਨ ਲਈ ਯੋਗ ਘੱਟ ਆਮਦਨ ਵਾਲੇ ਕੈਨੇਡਾ ਵਾਸੀਆਂ ਦੀ ਗਿਣਤੀ ਨੂੰ ਲਗਪਗ ਤਿੰਨ ਗੁਣਾਂ ਕਰੇਗੀ।

**ਗਰਭ ਅਵਸਥਾ ਦੇ ਨੁਕਸਾਨ ਲਈ ਛੁੱਟੀ**-ਲੇਬਰ ਕੋਡ ਵਿਚ ਯੋਜਨਾਬੱਧ ਸੋਧਾਂ ਨਾਲ ਗਰਭ ਅਵਸਥਾ ਦੇ ਨੁਕਸਾਨ ਤੋਂ ਸਰੀਰਕ ਤੇ ਭਾਵਨਾਤਮਿਕ ਤੌਰ 'ਤੇ ਠੀਕ ਹੋਣ ਲਈ ਫੈਡਰਲ ਸਰਕਾਰ ਦੇ ਵਰਕਰਾਂ ਦੀ ਛੁੱਟੀ ਤਕ ਪਹੁੰਚ ਹੋਵੇਗੀ।

# ਟਰੂਡੋ ਸਰਕਾਰ ਵਲੋਂ ਡੈਂਟਲ ਕੇਅਰ ਦਾ ਵਿਸਤਾਰ-ਗਰੀਨ ਆਰਥਿਕਤਾ 'ਤੇ ਜ਼ੋਰ

ਸਫ਼ਾ 1 ਦੀ ਬਾਕੀ

ਕਰ ਰਹੀ ਹੈ ਕਿ 2027-28 ਤਕ ਘਾਟਾ ਘਟ ਕੇ 14 ਅਰਬ ਡਾਲਰ ਰਹਿ ਜਾਵੇਗਾ। ਪੱਤਝੜ ਅਪਡੇਟ ਮੁਤਾਬਿਕ ਉਸ ਸਾਲ ਤਕ ਕਿਤਾਬਾਂ ਵਿਚ ਰਿਟਰਨ ਸਰਪਲੱਸ ਹੋਣ ਦਾ ਅਨੁਮਾਨ ਲਗਾਇਆ ਗਿਆ ਸੀ। ਦਸਤਾਵੇਜ਼ ਵਿਚ ਫਰਵਰੀ ਵਿਚ ਐਲਾਨੇ ਗਏ ਨਵੇਂ ਸਿਹਤ ਸੰਭਾਲ ਟਰਾਂਫਰਜ਼, ਘੱਟ ਆਮਦਨ ਵਾਲੇ ਕੈਨੇਡੀਅਨਾਂ ਲਈ ਵੱਖ ਵੱਖ ਅਫੋਰਡਅਬਿਲਟੀ ਉਪਾਅ ਜਿਸ ਵਿਚ ਜੀਐਸਟੀ ਕਰੈਡਿਟ ਭੁਗਤਾਨਾਂ ਵਿਚ ਆਰਜ਼ੀ ਵਾਧੇ ਦਾ ਵਿਸਤਾਰ ਵੀ ਸ਼ਾਮਿਲ ਹੈ। ਫੈਡਰਲ ਵਿਭਾਗਾਂ ਦੇ ਯੋਗ ਖਰਚਿਆਂ ਵਿਚ 3 ਫ਼ੀਸਦੀ ਕਟੌਤੀ ਨਾਲ ਵਿੱਤੀ ਅਨੁਸ਼ਾਸਨ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਫ੍ਰੀਲੈਂਡ ਦੇ ਬਜਟ ਵਿਚ ਗ੍ਰੀਨ ਪ੍ਰਾਜੈਕਟਾਂ ਲਈ ਵੱਖ ਵੱਖ ਟੈਕਸ ਕਰੈਡਿਟਾਂ ਅਤੇ ਪ੍ਰੋਗਰਾਮਾਂ 'ਤੇ ਖਰਚ ਲਈ 21 ਅਰਬ ਡਾਲਰ ਰੱਖੇ ਗਏ ਹਨ। ਨਵਿਆਉਣਯੋਗ ਊਰਜਾ ਲਈ ਅਰਬਾਂ ਡਾਲਰ ਦਾ ਖਰਚ ਪੰਜ ਸਾਲਾਂ ਵਿਚ ਖਰਚੇ ਜਾਣ ਵਾਲੇ 67.3 ਅਰਬ ਡਾਲਰ ਦੇ ਪੈਕੇਜ ਦਾ ਹਿੱਸਾ ਹਨ ਜਿਸ ਲਈ 21.5 ਅਰਬ ਡਾਲਰ ਅੰਦਰੂਨੀ ਬੱਚਤਾਂ ਅਤੇ ਜ਼ਿਆਦਾ ਆਮਦਨ ਵਾਲੇ ਕੈਨੇਡੀਅਨਾਂ ਤੇ ਬੈਂਕਾਂ 'ਤੇ ਟੈਕਸ ਵਾਧੇ ਨਾਲ ਜੁਟਾਏ ਜਾਣਗੇ। ਕਲੀਨ ਐਨਰਜੀ ਇਨਸੈਂਟਿਵ ਦਾ ਪੈਕੇਜ ਅਮਰੀਕੀ ਇਨਫਲੇਸ਼ਨ ਰਿਡਕਸ਼ਨ ਐਕਟ ਦਾ ਜਵਾਬ ਹੈ ਜਿਸ ਨੂੰ ਪਿਛਲੇ ਸਾਲ ਪ੍ਰਵਾਨਗੀ ਦਿੱਤੀ ਗਈ ਸੀ ਜਿਹੜਾ ਅਗਲੇ 10 ਵਿਚ ਅਰਬਾਂ ਡਾਲਰ ਹੋਣ ਦਾ ਅਨੁਮਾਨ ਹੈ। ਬਜਟ ਕਲੀਨ ਐਨਰਜੀ ਨਿਰਮਾਣ ਲਈ ਇਕ ਨਵੇਂ ਨਿਵੇਸ਼ ਟੈਕਸ ਕ੍ਰੈਡਿਟ ਦਾ ਐਲਾਨ ਕਰਦਾ ਹੈ ਜਿਸ ਲਈ ਅਗਲੇ ਪੰਜ ਸਾਲਾਂ ਵਿਚ 4.5 ਅਰਬ ਡਾਲਰ ਖਰਚ ਕੀਤੇ ਜਾਣਗੇ। ਕਲੀਨ ਹਾਈਡਰੋਜਨ ਉਤਪਾਦਨ ਲਈ 5.6 ਅਰਬ ਡਾਲਰ ਦਾ ਇਸੇ ਤਰ੍ਹਾਂ ਦਾ ਕਰੈਡਿਟ ਰੱਖਣ ਦੀਆਂ ਯੋਜਨਾਵਾਂ ਹਨ। ਇਕ ਨਵਾਂ ਐਲਾਨ 15 ਅਰਬ ਡਾਲਰ ਕੈਨੇਡਾ ਗਰੋਥ ਫੰਡ ਨਾਲ ਸਬੰਧਤ ਹੈ ਜਿਸ ਦਾ ਪਹਿਲੀ ਵਾਰ 2022 ਦੇ ਬਜਟ ਵਿਚ ਐਲਾਨ ਕੀਤਾ ਗਿਆ ਸੀ ਪਰ ਇਸ ਨੂੰ ਅਜੇ ਤਕ ਲਾਂਚ ਨਹੀਂ ਕੀਤਾ ਗਿਆ। ਮੰਗਲਵਾਰ ਦਾ ਬਜਟ ਕਹਿੰਦਾ ਹੈ ਕਿ ਇਸ ਦਾ ਪੈਨਸ਼ਨ ਨਿਵੇਸ਼ ਸੰਗਠਨ, 'ਪਬਲਿਕ ਸੈਕਟਰ ਪੈਨਸ਼ਨ ਇਨਵੈਸਟਮੈਂਟ ਬੋਰਡ' ਵਲੋਂ ਸੁਤੰਤਰ ਰੂਪ ਵਿਚ ਪ੍ਰਬੰਧ ਕੀਤਾ ਜਾਵੇਗਾ ਅਤੇ ਮੌਜੂਦਾ ਸਮੇਂ ਇਹ ਵਰਤਮਾਨ ਤੇ ਸਾਬਕਾ ਸਰਕਾਰੀ ਕਾਮਿਆਂ ਦੀ ਤਰਫੋਂ 225 ਅਰਬ ਡਾਲਰ ਤੋਂ ਵੀ ਜ਼ਿਆਦਾ ਸੰਪਤੀਆਂ ਦਾ ਪ੍ਰਬੰਧ ਕਰਦਾ ਹੈ। ਫੰਡ ਕੈਨੇਡਾ ਵਿਚ ਵੱਡੇ ਪ੍ਰਾਜੈਕਟਾਂ ਵਿਚ ਨਿਵੇਸ਼ ਕਰੇਗਾ ਜਿਹੜੇ ਗਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਵਿਚ ਯੋਗਦਾਨ ਪਾਵੇਗਾ। ਹਾਊਸ ਆਫ ਕਾਮਨਜ਼ ਵਿਚ ਆਪਣੇ ਬਜਟ ਭਾਸ਼ਣ ਵਿਚ ਮਿਸ ਫਰੀਲੈਂਡ ਨੇ ਕਿਹਾ ਕਿ ਉਦਯੋਗਿਕ ਕ੍ਰਾਂਤੀ ਪਿੱਛੋਂ ਬਹੁਤ ਹੀ ਮਹੱਤਵਪੂਰਣ ਆਰਥਿਕ ਤਬਦੀਲੀ ਵਿਚ ਵਿਸ਼ਵ ਭਰ ਵਵਿਚ ਸਾਡੇ ਦੋਸਤਾਂ ਤੇ ਸਹਿਯੋਗੀਆਂ ਜਿਨ੍ਹਾਂ ਵਿਚੋਂ ਅਮਰੀਕਾ ਪ੍ਰਮੁੱਖ ਹੈ ਸਾਫ ਸੁਥਰੀਆਂ ਅਰਥਵਿਵਸਥਾਵਾਂ ਅਤੇ ਕਲ੍ਹ ਦੀਆਂ ਸਿਫਰ ਨਿਕਾਸ ਵਾਲੀਆਂ ਸਨਅਤਾਂ ਕਾਇਮ ਕਰਨ ਲਈ ਭਾਰੀ ਨਿਵੇਸ਼ ਕਰ ਰਹੇ ਹਨ। ਸਰਕਾਰ ਦੀਆਂ ਅਗਲੇ ਪੰਜ ਸਾਲਾਂ ਵਿਚ ਆਊਟਸੋਰਸਿੰਗ ਅਤੇ



ਟਰੈਵਲ 'ਤੇ ਖਰਚ ਘਟਾ ਕੇ 7.1 ਅਰਬ ਡਾਲਰ ਦੀ ਬੱਚਤ ਕਰਨ ਦੀ ਵੀ ਯੋਜਨਾ ਹੈ। ਇਸ ਵਿਚ ਆਲਟਰਨੇਟਿਵ ਮਿਨੀਮਮ ਟੈਕਸ ਵਿਚ ਤਬਦੀਲੀਆਂ ਨਾਲ ਲਗਪਗ 3 ਅਰਬ ਡਾਲਰ ਇਕੱਤਰ ਕਰਨ ਦੀ ਯੋਜਨਾ ਸ਼ਾਮਿਲ ਹੈ। ਬਜਟ ਕਹਿੰਦਾ ਹੈ ਕਿ ਏਐਮਟੀ ਦਾ 99 ਫ਼ੀਸਦੀ ਹਿੱਸਾ ਉਨ੍ਹਾਂ ਲੋਕਾਂ ਵਲੋਂ ਅਦਾ ਕੀਤਾ ਜਾਵੇਗਾ ਜਿਹੜੇ ਇਕ ਸਾਲ ਵਿਚ ਤਿੰਨ ਲੱਖ ਡਾਲਰ ਤੋਂ ਜ਼ਿਆਦਾ ਕਮਾਈ ਕਰਦੇ ਹਨ ਅਤੇ ਲਗਪਗ 80 ਫ਼ੀਸਦੀ ਉਨ੍ਹਾਂ ਵਲੋਂ ਅਦਾ ਕੀਤਾ ਜਾਵੇਗਾ ਜਿਹੜੇ 10 ਲੱਖ ਡਾਲਰ ਤੋਂ ਜ਼ਿਆਦਾ ਕਮਾਈ ਕਰਦੇ ਹਨ। ਟੈਕਸ ਵਿਚ ਹੋਰ ਵਾਧਾ ਅੰਤਰਰਾਸ਼ਟਰੀ ਟੈਕਸ, ਸ਼ੇਅਰ ਬਾਇਬੈਕ ਅਤੇ ਲਾਭਅੰਸ਼ ਵਿਚ ਤਬਦੀਲੀਆਂ ਤੋਂ ਹੋਵੇਗਾ ਜਿਨ੍ਹਾਂ ਦਾ ਪਹਿਲਾਂ ਸੰਕੇਤ ਦਿੱਤਾ ਗਿਆ ਸੀ। ਕੁਝ ਅਰਥਸ਼ਾਸਤਰੀਆਂ ਨੇ ਸਰਕਾਰ ਦੀ ਨਵੀਂ ਆਮਦਨ ਦੇ ਅਨੁਮਾਨਾਂ 'ਤੇ ਸਵਾਲ ਉਠਾਇਆ ਹੈ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਅਰਥਵਿਵਸਥਾ ਘੱਟ ਪ੍ਰਦਰਸ਼ਨ ਕਰਦੀ ਹੈ ਜਾਂ ਅੰਦਰੂਨੀ ਬੱਚਤਾਂ ਅਤੇ ਟੈਕਸ ਵਾਧੇ ਤੋਂ ਆਸ ਮੁਤਾਬਿਕ ਰੈਵੀਨਿਊ ਨਾ ਵਧਿਆ ਤਾਂ ਸਾਲਾਨਾ ਘਾਟਾ ਵੱਧ ਸਕਦਾ ਹੈ।

UNI GLOBAL IMMIGRATION
CONSULTING SERVICES LTD.
*Your Dream......Our Passion*
**For All Your Immigration Related Needs**
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic-cric
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

ਸੰਪਾਦਕੀ

# ਪੰਜਾਬ ਵਿਚ ਮੁੜ ਡਰ ਤੇ ਭੈਅ ਦਾ ਮਾਹੌਲ ਕਿਉਂ ...

**ਸੁਖਵਿੰਦਰ ਸਿੰਘ ਚੋਹਲਾ**

ਪੰਜਾਬ ਵਿਚ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਦੁਆਰਾ ਕੇਂਦਰੀ ਸੁਰੱਖਿਆ ਏਜੰਸੀਆਂ ਦੀ ਸਹਾਇਤਾ ਨਾਲ ਵਾਰਿਸ ਪੰਜਾਬ ਦੇ, ਜਥੇਬੰਦੀ ਦੇ ਮੁਖੀ ਅਤੇ ਉਹਨਾਂ ਦੇ ਸਾਥੀਆਂ ਖਿਲਾਫ ਆਰੰਭੀ ਗਈ ਫੜੋ ਫੜੀ ਦੀ ਕਾਰਵਾਈ ਨਾਲ ਪੰਜਾਬ ਵਿਚ ਡਰ ਤੇ ਭੈਅ ਦੇ ਮਾਹੌਲ ਦੀ ਹਰ ਪਾਸੇ ਚਰਚਾ ਹੈ। ਭਾਵੇਂਕਿ ਸਰਕਾਰ ਵਲੋਂ ਇਹ ਦਾਅਵੇ ਕੀਤੇ ਜਾ ਰਹੇ ਹਨ ਕਿ ਉਹਨਾਂ ਦਾ ਮੁੱਖ ਨਿਸ਼ਾਨਾ ਪੰਜਾਬ ਵਿਚ ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਬਣਾਈ ਰੱਖਣ ਲਈ ਇਹ ਪੁਲਿਸ ਕਾਰਵਾਈ ਕੀਤੀ ਜਾ ਰਹੀ ਹੈ ਪਰ ਵਾਰਿਸ ਪੰਜਾਬ ਦੇ ਜਥੇਬੰਦੀ ਨਾਲ ਸੰਬੰਧਿਤ ਸਿੱਖ ਨੌਜਵਾਨਾਂ ਨੂੰ ਬੰਦੀ ਬਣਾਕੇ ਪੰਜਾਬ ਤੋ ਬਾਹਰ ਦੀਆਂ ਜੇਲਾਂ ਵਿਚ ਸੁੱਟਣਾ ਅਤੇ ਉਹਨਾਂ ਖਿਲਾਫ ਕੌਮੀ ਸੁਰੱਖਿਆ ਐਕਟ ( ਐਨ ਐਸ ਏ) ਵਰਗੇ ਸਖਤ ਕਨੂੰਨ ਦੀ ਵਰਤੋਂ ਕਰਨਾ, ਹਾਕਮਾਂ ਦੇ ਇਰਾਦਿਆਂ ਨੂੰ ਜਾਹਰ ਕਰਦਾ ਹੈ। ਸੈਂਕੜੇ ਸਿੱਖ ਨੌਜਵਾਨਾਂ ਦੀ ਫੜੋ ਫੜੀ ਕਰਦਿਆਂ ਉਹਨਾਂ ਨੂੰ ਜੇਲਾਂ ਵਿਚ ਸੁੱਟਿਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਪੁਲਿਸ ਪੁੱਛਗਿੱਛ ਉਪਰੰਤ ਬੇਕਸੂਰ ਨੌਜਵਾਨਾਂ ਨੂੰ ਛੱਡ ਦਿੱਤਾ ਜਾਵੇਗਾ। ਇਸੇ ਦੌਰਾਨ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਜਾਂ ਭਗੌੜੇ ਹੋਣ ਬਾਰੇ ਵੀ ਭੰਬਲਭੂਸਾ ਬਣਿਆ ਹੋਇਆ ਹੈ। ਪੁਲਿਸ ਦਾ ਕਹਿਣਾ ਹੈ ਕਿ 12 ਮਾਰਚ ਨੂੰ ਪੁਲਿਸ ਕਾਰਵਾਈ ਦੌਰਾਨ ਉਹ ਬਚ ਨਿਕਲਣ ਵਿਚ ਸਫਲ ਰਿਹਾ। ਪੰਜਾਬ ਪੁਲਿਸ ਦੇ ਕੰਮਕਾਰ ਦੇ ਢੰਗ ਤੋ ਜਾਣੂ ਲੋਕ ਇਹ ਮੰਨਣ ਲਈ ਤਿਆਰ ਨਹੀ ਕਿ ਉਹ ਇਤਨੀਆਂ ਭਾਰੀ ਪੇਸ਼ਬੰਦੀਆਂ ਤੇ ਸੁਰੱਖਿਆ ਦਸਤਿਆਂ ਦੇ ਪਹਿਰੇ ਹੇਠ ਫਰਾਰ ਕਿਵੇਂ ਹੋ ਗਿਆ। ਇਸ ਦੌਰਾਨ ਪੁਲਿਸ ਵਲੋਂ ਉਸਦੇ ਫਰਾਰ ਹੋਣ ਸਬੰਧੀ ਦਾਅਵਿਆਂ ਤੇ ਉਸਦੀਆਂ ਵੀਡੀਓ ਫੁਟੇਜ ਤੇ ਤਸਵੀਰਾਂ ਜਾਰੀ ਕੀਤੇ ਜਾਣ ਦੇ ਢੰਗ ਤਰੀਕਿਆਂ ਨੇ ਵੀ ਪੁਲਿਸ ਕਾਰਵਾਈ ਨੂੰ ਹੋਰ ਸ਼ੱਕੀ ਬਣਾ ਦਿੱਤਾ ਹੈ। ਹੁਣ ਇਕ ਤਾਜਾ ਵੀਡੀਓ ਕਲਿਪ ਜਰੀਏ ਅੰਮ੍ਰਿਤਪਾਲ ਸਿੰਘ ਵਲੋਂ ਸਿੱਖ ਸੰਗਤ ਨੂੰ ਅਪੀਲ ਕਰਦਿਆਂ ਵੇਖਿਆ ਗਿਆ ਹੈ ਜਿਸ ਵਿਚ ਉਸ ਵਲੋਂ ਭਾਰੀ ਪੁਲਿਸ ਘੇਰਾ ਤੋੜਕੇ ਫਰਾਰ ਹੋਣ, ਚੜਦੀ ਕਲਾ ਵਿਚ ਹੋਣ ਤੇ ਗ੍ਰਿਫਤਾਰੀ ਨੂੰ ਅਕਾਲ ਪੁਰਖ ਦੀ ਇੱਛਾ ਕਹਿਣ ਦੇ ਨਾਲ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਸਰਬਤ ਖਾਲਸਾ ਸੱਦੇ ਜਾਣ ਦੀ ਅਪੀਲ ਕਰਦਿਆਂ ਸੁਣਿਆ ਜਾ ਸਕਦਾ ਹੈ। ਪੁਲਿਸ ਕਾਰਵਾਈ ਉਪਰੰਤ ਲਾਪਤਾ ਹੋਏ ਅੰਮ੍ਰਿਤਪਾਲ ਸਿੰਘ ਦੇ ਬਾਰੇ ਹੁਣ ਤੱਕ ਕੋਈ ਖਬਰ ਸੂਹ ਨਹੀ ਸੀ ਪਰ ਇਸ ਵੀਡੀਓ ਨੇ ਭਾਵੇਂ ਉਸਦੇ ਸਲਾਮਤ ਹੋਣ ਦੀ ਪੁਸ਼ਟੀ ਕਰ ਦਿੱਤੀ ਹੈ ਪਰ ਇਸ ਵੀਡੀਓ ਦੌਰਾਨ ਉਸਦੇ ਚਿਹਰੇ ਦੇ ਹਾਵਭਾਵ ਅਤੇ ਗੱਲਬਾਤ ਦੌਰਾਨ ਆਸੇ ਪਾਸੇ ਝਾਕਣ ਦੇ ਹਾਲਾਤ ਉਸਦੀ ਸਥਿਤੀ ਨੂੰ ਹੋਰ ਵੀ ਸ਼ੱਕੀ ਬਣਾਉਂਦੇ ਹਨ। ਚਰਚਾ ਹੈ ਕਿ ਅੰਮ੍ਰਿਤਪਾਲ ਸਿੰਘ ਪੁਲਿਸ ਦੀ ਗ੍ਰਿਫਤ ਵਿਚ ਹੀ ਹੈ ਤੇ ਤਾਜਾ ਵੀਡੀਓ ਪੁਲਿਸ ਦੀ ਨਿਗਰਾਨੀ ਹੇਠ ਹੀ ਤਿਆਰ ਕੀਤਾ ਗਿਆ ਲਗਦਾ ਹੈ। ਦੂਸਰਾ ਪੱਖ ਇਹ ਹੈ ਕਿ ਅਗਰ ਉਹ ਪੁਲਿਸ ਦੀ ਗ੍ਰਿਫਤ ਵਿਚ ਨਹੀ ਵੀ ਹੈ ਤਾਂ ਉਸਦੀ ਵੀਡੀਓ ਸ਼ਾਇਦ ਇਹ ਦੱਸਣ ਲਈ ਹੈ ਕਿ ਉਹ ਅਗਲੇ ਦਿਨਾਂ ਵਿਚ ਪੁਲਿਸ ਕੋਲ ਆਤਮ ਸਮਰਪਣ ਕਰ ਸਕਦਾ ਹੈ। ਭਾਵੇਂਕਿ ਇਸ ਸੰਬੰਧੀ ਇਕ ਹੋਰ ਵੀਡੀਓ ਜਾਰੀ ਕਰਕੇ ਸ਼ੰਕਾਵਾਂ ਨੂੰ ਦੂਰ ਕਰਨ ਦਾ ਯਤਨ ਕੀਤਾ ਗਿਆ ਹੈ ਪਰ ਇਸਤੋ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੀ ਉਸਨੂੰ ਆਤਮ ਸਮਰਪਣ ਕਰਨ ਦੀ ਅਪੀਲ ਕਰ ਚੁੱਕੇ ਹਨ। ਸਿੰਘ ਸਾਹਿਬ ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਕੋਈ ਅਜਿਹਾ ਘਿਨਾਉਣਾ ਜੁਰਮ ਨਹੀ ਕੀਤਾ ਜਿਸ ਲਈ ਉਸਨੂੰ ਪੁਲਿਸ ਤੋ ਭੱਜਣ ਦੀ ਲੋੜ ਹੋਵੇ । ਅੰਮ੍ਰਿਤਪਾਲ ਸਿੰਘ ਦੇ ਇਸ ਸਥਿਤੀ ਵਿਚ ਪੁੱਜਣ ਲਈ ਉਸ ਵਲੋਂ ਧਰਮ ਪ੍ਰਚਾਰ ਦੇ ਪਰਦੇ ਹੇਠ ਵੱਖਵਾਦੀ ਲਹਿਰ ਨੂੰ ਖੜਾ ਕਰਨ, ਨੌਜਵਾਨਾਂ ਨੂੰ ਇਸ ਨਾਲ ਜੋੜਨ ਤੇ ਸਰਕਾਰਾਂ ਨੂੰ ਸ਼ਰੇਆਮ ਚੁਣੌਤੀਆਂ ਦੇਣ ਲਈ ਉਸਦੇ ਖਿਲਾਫ ਐਨ ਐਸ ਏ ਲਗਾਏ ਜਾਣ ਦੇ ਕਈ ਕਾਰਣ ਗਿਣਾਏ ਜਾ ਸਕਦੇ ਹਨ ਪਰ ਉਸ ਅਤੇ ਉਸਦੇ ਸਾਥੀਆਂ ਖਿਲਾਫ ਕਾਰਵਾਈ ਦਾ ਜੋ ਢੰਗ ਤਰੀਕਾ ਅਪਣਾਇਆ ਗਿਆ ਹੈ, ਉਹ ਪੰਜਾਬ ਵਿਚ ਡਰ ਤੇ ਭੈਅ ਦਾ ਮਾਹੌਲ ਪੈਦਾ ਕਰਨ ਦੇ ਨਾਲ ਦੇਸ਼ ਭਰ ਵਿਚ ਸਿੱਖਾਂ ਨੂੰ ਬਦਨਾਮ ਕਰਨ ਵਾਲਾ ਹੈ। ਭਗਵੰਤ ਮਾਨ ਸਰਕਾਰ ਦੀ ਇਸ ਕਾਰਵਾਈ ਉਪਰ ਆਪ ਸੁਪਰੀਮੋ ਕੇਜਰੀਵਾਲ ਵਲੋ ਇਹ ਪ੍ਰਚਾਰਨਾ ਕਿ ਭਗਵੰਤ ਮਾਨ ਸਰਕਾਰ ਨੇ ਬਿਨਾਂ ਇਕ ਗੋਲੀ ਚਲਾਏ ਪੰਜਾਬ ਵਿਚ ਸ਼ਾਂਤੀ ਸਥਾਪਿਤ ਕਰ ਦਿੱਤੀ ਹੈ, ਹਾਕਮੀ ਮਨਸ਼ਾ ਨੂੰ ਜਾਹਰ ਕਰਦਾ ਹੈ। ਸਮਝਣ ਦੀ ਲੋੜ ਹੈ ਕਿ ਕਿਵੇਂ ਆਮ ਆਦਮੀ ਪਾਰਟੀ ਵੀ ਭਾਜਪਾ ਦੇ ਮੁਕਾਬਲੇ ਭਾਰਤ ਭਰ ਵਿਚ ਇਕ ਭਾਈਚਾਰੇ ਨੂੰ ਨਿਸ਼ਾਨਾ ਬਣਾਕੇ ਖੁਦ ਨੂੰ ਵੱਡੇ ਰਾਸ਼ਟਰਵਾਦੀ ਹੋਣ ਦਾ ਪ੍ਰਚਾਰ ਕਰਨ ਵਿਚ ਰੁਝੀ ਹੋਈ ਹੈ। ਪੰਜਾਬ ਵਿਚ ਸਿੱਖ ਨੌਜਵਾਨਾਂ ਖਿਲਾਫ ਕਾਰਵਾਈ ਉਪਰ ਮੁੱਖ ਮੰਤਰੀ ਭਗਵੰਤ ਮਾਨ ਦਾ ਹਿੰਦੀ ਵਿਚ ਸਪੱਸ਼ਟੀਕਰਣ ਪੰਜਾਬੀਆਂ ਲਈ ਨਹੀ ਬਲਕਿ ਪੂਰੇ ਭਾਰਤ ਵਾਸੀਆਂ ਤੱਕ ਆਪਣੀ ਗੱਲ ਪਹੁੰਚਾਉਣ ਦੇ ਯਤਨ ਵਜੋ ਹੀ ਹੈ। ਅੰਮ੍ਰਿਤਪਾਲ ਸਿੰਘ ਵਲੋਂ ਆਪਣੀ ਪ੍ਰਚਾਰ ਮੁਹਿੰਮ ਦੌਰਾਨ ਗੁਰੂ ਘਰਾਂ ਚੋ ਪਈਆਂ ਕੁਰਸੀਆਂ ਤੋੜਨ ਤੋ ਲੈਕੇ ਅਜਨਾਲਾ ਥਾਣਾ ਤੇ ਧਾਵਾ ਤੇ ਫਿਰ ਹੁਣ ਪੁਲਿਸ ਘੇਰਾਬੰਦੀ ਚੋ ਫਰਾਰ ਹੋਣ ਦੀਆਂ ਘਟਨਾਵਾਂ ਨੇ ਜਿਥੇ ਉਸਦੇ ਇਕ ਆਗੂ ਵਜੋਂ ਪਰਪੱਕ ਹੋਣ ਉਪਰ ਸਵਾਲੀਆ ਚਿੰਨ ਲਗਾਏ ਹਨ, ਉਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਇਸ ਵਰਤਾਰੇ ਨਾਲ ਨਿਪਟਣ, ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਸਿਆਸੀ ਤਾਅਨੇ ਮਾਰਨ ਅਤੇ ਰਾਸ਼ਟਰਵਾਦ ਪ੍ਰਤੀ ਹੇਜ਼ ਨੇ ਉਸਦੀ ਸੋਚ ਦਾ ਪੇਤਲਾਪਣ ਵੀ ਜੱਗ ਜਾਹਰ ਕਰ ਦਿੱਤਾ ਹੈ। ਪਿਛਲੇ ਕੁਝ ਸਮੇਂ ਤੋਂ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਵਜੋਂ ਅੰਮ੍ਰਿਤਪਾਲ ਸਿੰਘ ਦੀ ਕਿਸੇ ਵੱਡੀ ਸੰਪਰਦਾਇ ਦੇ ਮੁਖੀ ਵਾਂਗ ਦਸਤਾਰ ਬੰਦੀ, ਉਸ ਵਲੋਂ ਅੰਮ੍ਰਿਤ ਪ੍ਰਚਾਰ ਤੇ ਨਸ਼ਾ ਛੁਡਾਊ ਮੁਹਿੰਮ ਦੇ ਨਾਲ ਖਾਲਿਸਤਾਨ ਦੀ ਮੁਹਿੰਮ ਨੂੰ ਤੇਜ਼ ਕਰਨ ਦੇ ਯਤਨ ਅਤੇ ਫਿਰਕੂ ਨਫਰਤ ਨੂੰ ਬੜਾਵਾ ਦੇਣ ਵਾਲੀ ਭਾਸ਼ਣਬਾਜੀ ਕਾਰਣ ਹਾਲਾਤ ਜੋ ਵੀ ਬਣੇ ਜਾਂ ਬਣਦੇ ਨਜ਼ਰ ਆਉਂਦੇ ਹੋਣ ਪਰ ਇਹਨਾਂ ਹਾਲਤਾਂ ਨਾਲ ਨਿਪਟਣ ਲਈ ਸਰਕਾਰੀ ਪੇਸ਼ਬੰਦੀਆਂ ਦੇ ਨਾਮ ਹੇਠ ਪੂਰੇ ਸਿੱਖ ਭਾਈਚਾਰੇ ਨੂੰ ਦੇਸ਼ ਵਿਦੇਸ਼ ਵਿਚ ਬਦਨਾਮ ਕਰਨ ਅਤੇ ਉਹਨਾਂ ਦੀ ਦੇਸ਼ ਪ੍ਰਤੀ ਵਫਾਦਾਰੀ ਨੂੰ ਸ਼ੱਕੀ ਬਣਾਉਣ ਤੇ ਰਾਜਸੀ ਲਾਹਾ ਉਠਾਉਣ ਦੇ ਯਤਨਾਂ ਨੂੰ ਰਾਜਸੀ ਕਰਾਈਮ ਸਮਝਿਆ ਜਾਣਾ ਚਾਹੀਦਾ ਹੈ। ਤੇ ਇਸ ਰਾਜਸੀ ਕਰਾਈਮ ਦਾ ਇਲਜਾਮ ਹੁਣ ਉਹ ਪਾਰਟੀ ਉਪਰ ਹੈ ਜਿਸਨੂੰ ਬੜੇ ਚਾਵਾਂ ਤੇ ਉਮੀਦਾਂ ਨਾਲ ਪੰਜਾਬੀਆਂ ਨੇ ਰਾਜ ਭਾਗ ਸੌਂਪਿਆ ਹੈ।



ਤੂੰ ਗੀਝਾਂ ਦੀ ਸੂਈ ਨਾਲ ਉਕਰਿਆ ਸੀ ਜੋ ਰੁਮਾਲਾਂ ਤੇ
ਉਹਨਾਂ ਧੁੱਪਾਂ ਦਾ ਕੀ ਬਣਿਆ, ਛਾਵਾਂ ਦਾ ਕੀ ਬਣਿਆ।






# ਆਟੋ ਪਾਰਟਸ ਸਟੋਰ 'ਤੇ ਡਕੈਤ ਵਲੋਂ ਪੁਲਿਸ ਅ.ਫਸਰ ਦੀ ਸਟਨ ਗਨ ਖੋਹਣ ਦੀ ਕੋਸ਼ਿਸ਼

ਐਬਟਸਫੋਰਡ-ਇਥੇ ਚਾਕੂ ਦੀ ਨੋਕ 'ਤੇ ਇਕ ਆਟੋ ਪਾਰਟਸ ਸਟੋਰ ਵਿਚੋਂ ਸਮਾਨ ਚੁੱਕ ਰਹੇ ਸ਼ੱਕੀ ਡਕੈਤ ਨੂੰ ਜਦੋਂ ਗ੍ਰਿਫ਼ਤਾਰ ਕੀਤਾ ਜਾ ਰਿਹਾ ਸੀ ਤਾਂ ਉਸ ਨੇ ਪੁਲਿਸ ਅਫਸਰ ਦੀ ਸਟਨ ਗਨ ਖੋਹਣ ਦੀ ਕੋਸ਼ਿਸ਼ ਕੀਤੀ। ਪੁਲਿਸ ਨੂੰ ਸਾਊਥ ਫਰੇਜ਼ਰ ਵੇਅ ਦੇ 33400 ਬਲਾਕ ਵਿਚ ਇਕ ਆਟੋ ਪਾਰਟਸ ਸਟੋਰ 'ਤੇ ਡਕੈਤੀ ਹੋਣ ਦੀ ਸੂਚਨਾ ਮਿਲੀ। ਸਟਾਫ ਨੇ ਪੁਲਿਸ ਨੂੰ ਦੱਸਿਆ ਕਿ ਇਹ ਵਿਅਕਤੀ ਵਸਤਾਂ ਚੋਰੀ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਜਦੋਂ ਉਹ ਉਸ ਦੇ ਕੋਲ ਗਏ ਤਾਂ ਉਸ ਨੇ ਚਾਕੂ ਕੱਢ ਲਿਆ। ਜਦੋਂ ਅਫਸਰ ਮੌਕੇ 'ਤੇ ਪੁੱਜੇ ਤਾਂ ਸ਼ੱਕੀ ਸਟੋਰ ਤੋਂ ਜਾ ਰਿਹਾ ਸੀ। ਇਸ ਸਮੇਂ ਦੌਰਾਨ ਪੁਲਿਸ ਨੇ ਉਸ ਨੂੰ




ਹਦਾਇਤਾਂ ਦੀ ਪਾਲਣਾ ਕਰਨ ਲਈ ਕਿਹਾ ਤਾਂ ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਤਦ ਸਟਨ ਗਨ ਦੀ ਵਰਤੋਂ ਕੀਤੀ ਗਈ ਪਰ ਵਿਅਕਤੀ ਅਜੇ ਵੀ ਆਖੇ ਨਹੀਂ ਸੀ ਲੱਗ ਰਿਹਾ ਸਿੱਟੇ ਵਜੋਂ ਪੁਲਿਸ ਨਾਲ ਹੱਥੋ ਪਾਈ ਹੋ ਪਿਆ। ਇਸ ਵਿਅਕਤੀ ਨੇ ਅਫਸਰ ਦੀ ਸਟਨ ਗਨ ਫੜ ਲਈ ਅਤੇ ਉਨ੍ਹਾਂ ਨੂੰ ਹਥਿਆਰ ਰਹਿਤ ਕਰਨ ਦੀ ਕੋਸ਼ਿਸ਼ ਕੀਤੀ। ਤਦ ਹੋਰ ਅਫਸਰ ਮੌਕੇ 'ਤੇ ਪੁੱਜ ਗਏ ਅਤੇ ਉਸ ਨੂੰ ਸੁਰੱਖਿਅਤ ਗ੍ਰਿਫ਼ਤਾਰ ਕਰ ਲਿਆ। ਇਸ ਘਟਨਾ ਵਿਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ। 35 ਸਾਲਾ ਰਾਊਲ ਵਿਲਫਰੇਡੋ ਹਰਨਾਂਡੇਜ਼ 'ਤੇ ਹੁਣ ਡਕੈਤੀ, ਪੀਸ ਅਫਸਰ ਹਥਿਆਰ ਰਹਿਤ ਕਰਨ, ਰੁਕਾਵਟ ਪਾਉਣ ਅਤੇ ਖਤਰਨਾਕ ਇਰਾਦੇ ਲਈ ਹਥਿਆਰ ਕੋਲ ਰੱਖਣ ਦੇ ਦੋਸ਼ ਲਗਾਏ ਗਏ ਹਨ।

# ਸੜਕ 'ਤੇ ਰੋਕਣ ਪਿੱਛੋਂ ਕਿਸ਼ੋਰ ਨੇ ਪੁਲਿਸ ਅਫਸਰਾਂ ਦੇ ਮੂੰਹ 'ਤੇ ਥੁੱਕਿਆ

ਐਬਟਸਫੋਰਡ-ਟਰੈਫਿਕ ਉਲੰਘਣਾ ਕਾਰਨ ਪੁਲਿਸ ਅਫਸਰਾਂ ਦੀ ਹਦਾਇਤ ਦੀ ਪਾਲਣਾ ਨਾ ਕਰਨ ਅਤੇ ਗ੍ਰਿਫ਼ਤਾਰ ਕਰ ਰਹੇ ਦੋ ਪੁਲਿਸ ਅਫਸਰਾਂ ਦੇ ਮੂੰਹ 'ਤੇ ਥੁੱਕਣ ਪਿੱਛੋਂ ਐਬਟਸਫੋਰਡ ਦੇ18 ਸਾਲਾ ਕਿਸ਼ੋਰ 'ਤੇ ਦੋਸ਼ ਲਗਾਏ ਗਏ ਹਨ। ਐਬਟਸਫੋਰਡ ਪੁਲਿਸ ਵਿਭਾਗ ਦੇ ਮੀਡੀਆ ਮਾਮਲਿਆਂ ਦੇ ਅਧਿਕਾਰੀ ਸਾਰਜੈਂਟ ਪਾਲ ਵਾਕਰ ਨੇ ਦੱਸਿਆ ਕਿ ਘਟਨਾ ਪਿਛਲੇ ਦਿਨੀ ਰਾਤ 11.15 ਵਜੇ ਵਾਪਰੀ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਕਲੀਅਰਬਰੁੱਕ ਰੋਡ ਵਿਖੇ ਸਾਊਥ ਫਰੇਜ਼ਰ ਰਸਤੇ ਦੇ ਨਾਲ ਨਾਲ ਅਧਿਕਾਰੀ ਗਸ਼ਤ ਕਰ ਰਹੇ ਸਨ ਤਾਂ ਉਨ੍ਹਾਂ ਨੇ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਵਾਲੇ ਜ਼ੋਨ ਵਿਚ 105 ਕਿਲੋਮੀਟਰ ਦੀ ਰਫਤਾਰ ਨਾਲ ਕਾਲੇ ਰੰਗ ਦੀ ਹੌਂਡਾ ਕਾਰ ਦੌੜਦੀ ਹੋਈ ਦੇਖੀ। ਪੁਲਿਸ ਨੇ ਜਦੋਂ ਡਰਾਈਵਰ ਨੂੰ ਰੋਕਿਆ ਤਾਂ ਉਸ ਨੇ ਆਪਣੀ ਪਛਾਣ ਦੱਸਣ ਅਤੇ ਆਪਣਾ ਡਰਾਈਵਿੰਗ ਲਾਇਸੰਸ ਦਿਖਾਉਣ ਤੋਂ ਇਨਕਾਰ ਕਰ ਦਿੱਤਾ। ਡਰਾਈਵਰ ਨੂੰ ਆਪਣੇ ਆਪ ਹਦਾਇਤਾਂ ਦੀ ਪਾਲਣਾ ਕਰਨ ਲਈ ਕਈ ਵਾਰ ਕਹੇ ਜਾਣ ਪਿੱਛੋਂ ਉਸ 'ਤੇ ਅਸਰ ਨਾ ਹੋਇਆ ਅਤੇ ਉਸ ਨੇ ਗ੍ਰਿਫਤਾਰ ਕਰ ਰਹੇ ਦੋ ਅਫਸਰਾਂ ਦੇ ਮੂੰਹ 'ਤੇ ਥੁੱਕ ਦਿੱਤਾ। ਸੁੱਖਮਨ ਸਿੱਧੂ ਨਾਂਅ ਦੇ ਇਸ



ਕਿਸ਼ੋਰ 'ਤੇ ਪੁਲਿਸ ਅਫਸਰ 'ਤੇ ਹਮਲਾ ਕਰਨ ਤੇ ਰੁਕਾਵਟ ਪਾਉਣ ਦੇ ਦੋਸ਼ ਲਗਾਏ ਗਏ ਹਨ। ਉਸ ਨੂੰ ਤੇਜ਼ ਰਫਤਾਰ ਕਾਰ ਚਲਾਉਣ ਅਤੇ ਮੋਟਰ ਵਹੀਕਲ ਐਕਟ ਦੇ ਹੋਰ ਜੁਰਮਾਂ ਲਈ ਕੁਲ 816 ਡਾਲਰ ਦਾ ਜ਼ੁਰਮਾਨਾ ਕੀਤਾ ਗਿਆ ਅਤੇ ਉਸ ਦੇ ਮਾਪਿਆਂ ਦੀ ਕਾਰ ਨੂੰ 7 ਦਿਨ ਲਈ ਜ਼ਬਤ ਕਰ ਲਿਆ ਗਿਆ।

# ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਦਾ ਮਾਸਿਕ ਕਵੀ ਦਰਬਾਰ

ਸਰੀ, 29 ਮਾਰਚ (ਹਰਦਮ ਮਾਨ)-ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਦਾ ਮਾਸਿਕ ਕਵੀ ਦਰਬਾਰ ਬੀਤੇ ਐਤਵਾਰ ਨੂੰ ਸੈਂਟਰ ਦੇ ਉਪਰਲੇ ਹਾਲ ਵਿਚ ਹਰਪਾਲ ਸਿੰਘ ਬਰਾੜ ਦੀ ਪ੍ਰਧਾਨਗੀ ਹੋਇਆ। ਇਸ ਕਵੀ ਦਰਬਾਰ ਵਿਚ ਗੁਰਬਚਨ ਸਿੰਘ ਬਰਾੜ, ਦਰਸ਼ਨ ਸਿੰਘ ਅਟਵਾਲ, ਗੁਰਮੀਤ ਸਿੰਘ ਕਾਲਕਟ, ਗੁਰਮੀਤ ਸਿੰਘ ਸੇਖੋਂ, ਮਨਜੀਤ



ਸਿੰਘ ਮੱਲ੍ਹਾ, ਰਵਿੰਦਰ ਕੌਰ ਬੈਂਸ, ਸੁਰਜੀਤ ਸਿੰਘ ਗਿੱਲ, ਮਲੂਕ ਚੰਦ ਕਲੇਰ, ਦਵਿੰਦਰ ਕੌਰ ਜੌਹਲ, ਪ੍ਰਿੰਸੀਪਲ ਸਤਨਾਮ ਸਿੰਘ ਅਤੇ ਰਣਜੀਤ ਸਿੰਘ ਨਿੱਝਰ ਨੇ ਖ਼ੂਬ ਰੰਗ ਬੰਨੇ। ਅੰਤ ਵਿਚ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਇਕ ਕਵਿਤਾ ਰਾਹੀਂ ਸਾਰਿਆਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗੁਰਬਚਨ ਸਿੰਘ ਬਰਾੜ ਨੇ ਬਾਖ਼ੂਬੀ ਨਿਭਾਈ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)



ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca




ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।







604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic




• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਟੈਰੀ ਦੀ ਟੀਮ-ਗਰੇਡ 5 ਦੇ ਵਿਦਿਆਰਥੀਆਂ ਦੇ ਗਰੁੱਪ ਨੇ ਹੋਰਾਂ ਦੀ ਮਦਦ ਲਈ ਇਕੱਤਰ ਕੀਤੇ 3000 ਡਾਲਰ

ਐਬਟਸਫੋਰਡ-ਟੈਰੀ ਫੌਕਸ ਐਲੀਮੈਂਟਰੀ ਵਿਖੇ ਬੱਚੇ ਨਵੇਂ ਸਰਵਿਸ ਕਲੱਬ ਰਾਹੀਂ ਹਮਜਮਾਤੀਆਂ, ਐਸਪੀਸੀਏ ਅਤੇ ਫੂਡ ਬੈਂਕ ਦੀ ਮਦਦ ਕਰ ਰਹੇ ਹਨ। ਟੈਰੀ ਦੀ ਟੀਮ ਆਪਣੇ ਲੋਕਾਂ ਲਈ ਇਕ ਬਿਹਤਰ ਸਥਾਨ ਬਣਾਉਣ ਦੇ ਤਰੀਕੇ ਲੱਭਦੀ ਰਹਿੰਦੀ ਹੈ। ਐਬਟਸਫੋਰਡ ਵਿਚ ਟੈਰੀ ਫੌਕਸ ਐਲੀਮੈਂਟਰੀ ਸਕੂਲ ਵਿਖੇ ਪੰਜਵੀਂ ਦੇ 35 ਵਿਦਿਆਰਥੀਆਂ ਦਾ ਗਰੁੱਪ ਹੈ ਅਤੇ ਉਨ੍ਹਾਂ ਦਾ ਧਿਆਨ ਕਮਿਊਨਿਟੀ ਵਿਚ ਲੋੜੀਂਦਾ ਧਨ ਇਕੱਤਰ ਕਰਨ ਵੱਲ ਹੈ। ਉਨ੍ਹਾਂ ਵਿਚੋਂ ਚਾਰ 7 ਮਾਰਚ ਦੀ ਸਕੂਲ ਬੋਰਡ ਦੀ ਮੀਟਿੰਗ ਵਿਚ ਸ਼ਾਮਿਲ ਹੋਏ ਅਤੇ ਵਾਰੀ ਵਾਰੀ ਇਕ ਸਾਂਝਾ ਬਿਆਨ ਪੜ੍ਹਿਆ। ਉਨ੍ਹਾਂ ਵਿਚੋਂ ਇਕ ਨੇ ਕਿਹਾ ਕਿ ਸਾਡੀਆਂ ਕਦਰਾਂ ਕੀਮਤਾਂ ਦੇਖਭਾਲ, ਟੀਮ ਵਜੋਂ ਕੰਮ ਕਰਨਾ, ਸਤਿਕਾਰ ਅਤੇ ਇਮਾਨਦਾਰੀ ਹੈ। ਅਸੀਂ ਟੈਰੀ ਫੌਕਸ ਤੋਂ ਪ੍ਰੇਰਿਤ ਹੈ ਜਿਸ ਨੇ ਆਪਣੇ ਦੇਸ਼ ਦੀ ਸੇਵਾ ਕੀਤੀ ਪਰ ਉਨ੍ਹਾਂ ਦੀ ਅਸਲ ਪ੍ਰੇਰਣਾ ਇਕ ਹਮਜਮਾਤੀ ਬੈਲੀ ਤੋਂ ਮਿਲੀ ਜਿਸ ਦੀ ਇਸ ਸਾਲ ਮੌਤ ਹੋ ਗਈ। ਆਪਣੀ ਸਹਿਪਾਠੀ ਦਾ ਸੋਗ ਮਨਾਉਂਦੇ ਉਨ੍ਹਾਂ ਆਪਣੇ ਦੁੱਖ ਨੂੰ ਪਾਜੇਟਿਵ ਲਹਿਰ ਵਿਚ ਬਦਲ ਦਿੱਤਾ।

# ਮੁੱਖ ਮੰਤਰੀ ਭਗਵੰਤ ਮਾਨ ਦੀ ਤਸਵੀਰ ਦਾ ਮੂੰਹ ਕਾਲਾ ਕੀਤਾ

ਬੰਗਾ-ਪੰਜਾਬ ਸਟੂਡੈਂਟਸ ਯੂਨੀਅਨ ਨੇ ਖਟਕੜ ਕਲਾਂ 'ਚ ਬਣੇ ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਹਟਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਤਸਵੀਰ ਲਾਉਣ ਦੇ ਰੋਸ ਵਿੱਚ ਪ੍ਰਦਰਸ਼ਨ ਕੀਤਾ। ਇਸ ਦੌਰਾਨ ਉਨ੍ਹਾਂ ਮੁੱਖ ਮੰਤਰੀ ਦੀਆਂ ਤਸਵੀਰ 'ਤੇ ਕਾਲਖ ਮਲ ਦਿੱਤੀ। ਪੀਐੱਸਯੂ ਦੇ ਸੂਬਾ ਪ੍ਰੈੱਸ ਸਕੱਤਰ ਮੰਗਲਜੀਤ ਪੰਡੋਰੀ ਤੇ ਸੂਬਾ ਵਿੱਤ ਸਕੱਤਰ ਬਲਜੀਤ ਸਿੰਘ ਧਰਮਕੋਟ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਵੋਟਾਂ ਲੈ ਕੇ ਸਰਕਾਰ ਬਣਾਉਣ ਵਾਲੀ 'ਆਪ' ਨੇ ਖਟਕੜ ਕਲਾਂ ਦੇ ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਤੇ ਉਸ ਦੇ ਪਰਿਵਾਰ ਦੀਆਂ ਤਸਵੀਰਾਂ ਹਟਾ ਕੇ ਗ਼ਲਤ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਲਾ ਕੇ ਵੋਟਾਂ ਲਈਆਂ ਤੇ ਦੂਜੇ ਪਾਸੇ ਸ਼ਹੀਦਾਂ ਦੇ ਨਾਂ ਹੀ ਮਿਟਾ ਦਿੱਤੇ ਗਏ। ਉਨ੍ਹਾਂ ਕਿਹਾ ਕਿ ਯੂਨੀਅਨ ਮੰਗ ਕਰਦੀ ਹੈ ਕਿ ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਤੇ ਪਰਿਵਾਰ ਦੀਆਂ ਹਟਾਈਆਂ ਤਸਵੀਰਾਂ ਮੁੜ ਲਗਾਈਆਂ ਜਾਣ, ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਫਿਰੋਜ਼ਪੁਰ ਦੇ ਤੂੜੀ ਬਾਜ਼ਾਰ 'ਚ ਗੁਪਤ ਟਿਕਾਣੇ 'ਤੇ ਮਿਊਜ਼ੀਅਮ ਬਣਾਇਆ ਜਾਵੇ।

# ਕ੍ਰਿਪਟੋਕਰੰਸੀ ਘੁਟਾਲੇ 'ਚ ਮਿਸ਼ਨ ਵਾਸੀ ਵਿਅਕਤੀ ਨੇ ਗੁਆਏ 30000 ਡਾਲਰ-ਆਰਸੀਐਮਪੀ



ਸਰੀ-ਮਿਸ਼ਨ ਆਰਸੀਐਮਪੀ ਨੇ ਦੱਸਿਆ ਕਿ ਇਥੋਂ ਦੇ ਇਕ ਵਿਅਕਤੀ ਨੇ ਕ੍ਰਿਪਟੋਕਰੰਸੀ ਦੀ ਲੜੀਵਾਰ ਖਰੀਦਦਾਰੀ ਵਿਚ ਨਿਵੇਸ਼ ਕਰਨ ਲਈ ਮਨਾ ਲਏ ਜਾਣ ਪਿੱਛੋਂ ਘੁਟਾਲੇ ਵਿਚ 30000 ਡਾਲਰ ਗੁਆਏ ਹਨ। ਡਿਟੈਚਮੈਂਟ ਦੀ ਹਫਤਾਵਾਰ ਕਰਾਈਮ ਰਿਪੋਰਟ ਵਿਚ ਪੁਲਿਸ ਨੇ ਦੱਸਿਆ ਕਿ ਕੰਪਨੀ ਨੇ ਯੂਰਪ ਵਿਚ ਹੋਣ ਦਾ ਬਹਾਨਾ ਬਣਾ ਕੇ ਵਿਅਕਤੀ ਨੂੰ ਕ੍ਰਿਪਟੋਕਰੰਸੀ ਵਿਚ ਨਿਵੇਸ਼ ਕਰਨ ਲਈ ਮਨਾ ਲਿਆ ਅਤੇ ਜਾਅਲੀ ਨਤੀਜੇ ਦਿਖਾ ਦਿੱਤੇ ਜਿਨ੍ਹਾਂ ਵਿਚ ਮੁਨਾਫਾ ਦਿਖਾਇਆ ਗਿਆ ਸੀ। ਜਦੋਂ ਵਿਅਕਤੀ ਨੇ ਆਪਣੇ ਪੈਸੇ ਵਾਪਸ ਲੈਣ ਲਈ ਕਿਹਾ ਤਾਂ ਉਸ ਨੇ ਮਹਿਸੂਸ ਕੀਤਾ ਕਿ ਇਹ ਘੁਟਾਲਾ ਸੀ ਜਿਸ ਸਬੰਧੀ ਉਸ ਨੇ ਆਰਸੀਐਮਪੀ ਨੂੰ ਸ਼ਿਕਾਇਤ ਕੀਤੀ। ਪੁਲਿਸ ਨੇ ਦੱਸਿਆ ਕਿ ਅਸਲ ਵਿਚ ਕੰਪਨੀ ਨੇ ਕੋਈ ਨਿਵੇਸ਼ ਕੀਤਾ ਹੀ ਨਹੀਂ ਅਤੇ ਪੈਸੇ ਹਵਾ ਵਿਚ ਹੋ ਗਏ। ਇਸੇ ਦੌਰਾਨ ਪਿਛਲੇ ਦਿਨੀ ਇਕ ਔਰਤ 'ਤੇ ਦੋ ਵਿਅਕਤੀਆਂ ਨੇ ਹਮਲਾ ਕੀਤਾ ਅਤੇ ਮਿਸ਼ਨ ਦੇ ਇਕ ਗਰੌਸਰੀ ਸਟੋਰ ਦੇ ਬਾਹਰੋਂ ਉਸ ਦੀ ਕਾਰ ਚੋਰੀ ਕਰ ਲਈ। ਔਰਤ ਨੂੰ ਮਾਮੂਲੀ ਜ਼ਖ਼ਮਾਂ ਕਾਰਨ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਕਾਰ ਇਲਾਕੇ ਵਿਚੋਂ ਭਜਾ ਲਈ ਅਤੇ ਫਸਟ ਐਵੀਨਿਊ ਅਤੇ ਆਲਡਰ ਸਟਰੀਟ ਨੇੜੇ ਇਕ ਖੜ ਟਰੱਕ ਵਿਚ ਜਾ ਵੱਜੀ। ਅਧਿਕਾਰੀਆਂ ਨੇ ਅਲਬਰਟਾ ਦੇ 19 ਸਾਲਾ ਡਰਾਈਵਰ ਨੂੰ ਕਈ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਜਿਸ ਵਿਚ ਡਕੈਤੀ ਤੇ ਚੋਰੀ ਦਾ ਸੰਪਤੀ ਕੋਲ ਰੱਖਣ ਦਾ ਵੀ ਦੋਸ਼ ਹੈ।

# ਗ੍ਰਿਫ਼ਤਾਰੀ ਦੀ ਕੋਸ਼ਿਸ਼ ਦੌਰਾਨ ਪੁਲਿਸ ਅਫਸਰ ਦੀ ਚਾਕੂ ਮਾਰ ਕੇ ਹੱਤਿਆ

ਲੁਈਸੇਵਿਲ-ਕਿਊਬਕ ਵਿਚ ਇਕ ਪੁਲਿਸ ਅਫਸਰ ਦੀ ਇਕ ਸ਼ੱਕੀ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਦੌਰਾਨ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਅਫਸਰ ਦੀ ਹੱਤਿਆ ਕਰਨ ਵਾਲੇ ਸ਼ੱਕੀ ਵਿਅਕਤੀ ਨੂੰ ਮਨੋਵਿਗਿਆਨਕ ਦੇਖਭਾਲ ਤੋਂ ਛੁੱਟੀ ਦਿੱਤੀ ਗਈ ਸੀ ਜਿਥੇ ਉਸ ਦਾ ਬੀਤੇ ਸਮੇਂ ਦੀਆਂ ਹਿੰਸਕ ਘਟਨਾਵਾਂ ਲਈ ਇਲਾਜ ਕੀਤਾ ਗਿਆ ਸੀ ਜਿਨ੍ਹਾਂ ਲਈ ਉਹ ਅਪਰਾਧਿਕ ਤੌਰ 'ਤੇ ਜ਼ਿੰਮੇਵਾਰ ਨਹੀਂ ਸੀ ਪਾਇਆ ਗਿਆ। ਮਾਂਟਰੀਅਲ ਤੋਂ 110 ਕਿਲੋਮੀਟਰ ਦੂਰ ਲੁਈਸਵਿਲੇ



ਕਸਬੇ ਵਿਚ ਧਮਕੀਆਂ ਦੇ ਰਹੇ ਵਿਅਕਤੀ ਨੇ ਉਸ ਸਮੇਂ ਸਾਰਜੈਂਟ ਬਰੂ ਦੇ ਜਾਨਲੇਵਾ ਚਾਕੂ ਮਾਰ ਦਿੱਤਾ ਜਦੋਂ ਉਸ ਨੇ ਅਤੇ ਉਸ ਦੇ ਇਕ ਸਾਥੀ ਨੇ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ। ਸ਼ੱਕੀ ਨੂੰ ਬਾਅਦ ਵਿਚ ਦੂਸਰੇ ਪੁਲਿਸ ਅਫਸਰਾਂ ਨੇ ਗੋਲੀ ਮਾਰ ਕੇ ਮਾਰ ਦਿੱਤਾ। ਲੁਈਸਵਿਲੇ ਦੇ ਮੇਅਰ ਯਵੋਨ ਦੇਸ਼ਾਈਸ ਜਿਸ ਨੇ ਪੁਲਿਸ ਨਾਲ ਗੱਲਬਾਤ ਕੀਤੀ ਨੇ ਸ਼ੱਕੀ ਦੀ ਪਛਾਣ ਇਸਾਕ ਬਰੂਇਲਾਰਡ ਵਜੋਂ ਕੀਤੀ ਜਿਹੜਾ ਚਾਰ ਮਹੀਨੇ ਪਹਿਲਾਂ ਕਸਬੇ ਵਿਚ ਆਇਆ ਸੀ। ਅਦਾਲਤ ਦੇ ਰਿਕਾਰਡ ਤੋਂ ਪਤਾ ਲਗਦਾ ਹੈ ਕਿ 35 ਸਾਲਾ ਬਰੂਇਲਾਰਡ 'ਤੇ ਪਿਛਲੇ ਸਮੇਂ ਦੌਰਾਨ ਹਮਲੇ ਕਰਨ ਤੇ ਧਮਕੀਆਂ ਦੇਣ ਦੇ ਦੋਸ਼ ਲਗਾਏ ਗਏ ਸਨ। ਮਾਨਸਿਕ ਬਿਮਾਰੀ ਕਾਰਨ ਉਸ ਨੂੰ ਅਪਰਾਧਿਕ ਤੌਰ 'ਤੇ ਜ਼ਿੰਮੇਵਾਰ ਨਹੀਂ ਸੀ ਪਾਇਆ ਗਿਆ। ਉਸ ਦੀ ਸਿਹਤ ਠੀਕ ਹੋਣ ਕਾਰਨ ਦਸੰਬਰ 2019 ਵਿਚ ਉਸ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਸੀ।

# ਬੇਘਰ ਔਰਤਾਂ ਲਈ ਰਿਹਾਇਸ਼ ਦੇ ਵਿਕਲਪਾਂ ਦੀ ਘਾਟ ਕਾਰਨ ਵਧ...

ਸਫ਼ਾ 1 ਦੀ ਬਾਕੀ

ਕਿ ਉਹ ਫੁੱਟਪਾਥ ਜਾਂ ਇਕ ਗਲੀ ਵਿਚ ਸੌਂਦੀਆਂ ਹਨ ਅਤੇ 12.6 ਫ਼ੀਸਦੀ ਨੇ ਕਿਹਾ ਕਿ ਉਹ ਇਕੱਲੇ ਕਮਰੇ ਵਾਲੇ ਯੂਨਿਟ ਵਿਚ ਰਹਿ ਰਹੀਆਂ ਹਨ। ਬਹੁਤੀਆਂ 54.2 ਫ਼ੀਸਦੀ ਨੇ ਕਿਹਾ ਕਿ ਉਹ ਇਨ੍ਹਾਂ ਹਾਲਤਾਂ ਵਿਚ ਘੱਟੋ ਘੱਟ ਇਕ ਸਾਲ ਤੋਂ ਰਹਿ ਰਹੀਆਂ ਹਨ। ਬਹੁਤੀਆਂ ਔਰਤਾਂ ਮਕਾਨ ਪ੍ਰਾਪਤ ਕਰਨ ਲਈ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੀਆਂ ਹਨ। 55 ਫ਼ੀਸਦੀ ਦੇ ਲਗਪਗ ਔਰਤਾਂ ਨੂੰ ਪਿਛਲੇ ਘੱਟੋ ਘੱਟ ਤਿੰਨ ਸਾਲਾਂ ਤੋਂ ਰਹਿਣ ਲਈ ਸੁਰੱਖਿਅਤ ਘਰ ਨਹੀਂ ਜੁੜਿਆ, 30 ਫ਼ੀਸਦੀ ਨੇ ਕਿਹਾ ਕਿ ਉਹ ਘੱਟੋ ਘੱਟ 2 ਸਾਲ ਤੋਂ ਅਤੇ 15.5 ਫ਼ੀਸਦੀ ਨੇ ਕਿਹਾ ਕਿ ਉਹ ਇਕ ਤੋਂ ਦੋ ਸਾਲ ਦੇ ਸਮੇਂ ਤੋਂ ਇਸੇ ਹਾਲਾਤ ਵਿਚ ਰਹਿ ਰਹੀਆਂ ਹਨ।

# ਭਗਵੰਤ ਮਾਨ ਸਿੰਘ ਸਾਹਿਬ ਤੋਂ ਮੁਆਫੀ ਮੰਗੇ-ਧਾਮੀ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਕੀਤੀ ਟਿੱਪਣੀ ਦਾ ਸਖ਼ਤ ਨੋਟਿਸ ਲਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਦੀ ਟਿੱਪਣੀ ਨੂੰ ਅਕਾਲ ਤਖ਼ਤ ਦੀ ਮਾਣ ਮਰਿਆਦਾ ਅਤੇ ਸਿੱਖ ਕੌਮ ਨੂੰ ਸਿੱਧੀ ਚੁਣੌਤੀ ਕਰਾਰ ਦਿੱਤਾ ਹੈ। ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਮਗਰੋਂ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਗਲਤੀ ਲਈ ਮੁੱਖ ਮੰਤਰੀ ਨੂੰ ਸਿੱਖ ਕੌਮ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਜਥੇਦਾਰ ਖ਼ਿਲਾਫ਼ ਜੋ ਭਾਸ਼ਾ ਵਰਤੀ ਹੈ ਉਸ ਨਾਲ ਸਿੱਖ ਕੌਮ ਦੇ ਮਨਾਂ ਨੂੰ ਠੇਸ ਪਹੁੰਚੀ ਹੈ ਜਿਸ ਨੂੰ ਕੌਮ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਅੰਮ੍ਰਿਤਪਾਲ ਸਿੰਘ ਬਾਰੇ ਸਟੈਂਡ ਸਬੰਧੀ ਕਿਹਾ ਕਿ ਜੋ ਪੱਖ ਜਥੇਦਾਰ ਅਕਾਲ ਤਖ਼ਤ ਦਾ ਹੈ, ਉਹੀ ਪੱਖ ਸ਼੍ਰੋਮਣੀ ਕਮੇਟੀ ਦਾ ਹੈ। ਇਸ ਦੌਰਾਨ ਸ੍ਰੀ ਧਾਮੀ ਨੇ ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੀਆਂ ਟਵਿੱਟਰ ਪੋਸਟਾਂ ਨੂੰ ਭਾਰਤ ਅੰਦਰ ਰੋਕੇ ਜਾਣ ਦੀ ਵੀ ਨਿਖੇਧੀ ਕੀਤੀ। ਐਡਵੋਕੇਟ ਧਾਮੀ ਨੇ ਦੋਸ਼ ਲਾਇਆ ਕਿ ਸੋਸ਼ਲ ਮੀਡੀਆ 'ਤੇ ਸਿੱਖਾਂ ਦੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ ਅਤੇ ਦੁੱਖ ਦੀ ਗੱਲ ਹੈ ਕਿ ਇਸ ਵਰਤਾਰੇ ਵਿਰੁੱਧ ਸਿੱਖ ਕੌਮ ਵੱਲੋਂ ਉਠਾਈ ਜਾ ਰਹੀ ਆਵਾਜ਼ ਨੂੰ ਸਰਕਾਰਾਂ ਦਬਾਅ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨ ਸ਼੍ਰੋਮਣੀ ਕਮੇਟੀ ਦੀ ਇਕ ਟਵਿੱਟਰ ਪੋਸਟ ਨੂੰ ਭਾਰਤ ਸਰਕਾਰ ਵੱਲੋਂ ਦੇਸ਼ ਅੰਦਰ ਹਟਾਇਆ ਗਿਆ ਅਤੇ ਅੱਜ ਅਕਾਲ ਤਖ਼ਤ ਦੇ ਜਥੇਦਾਰ ਦਾ ਇਕ ਟਵੀਟ ਨਿਸ਼ਾਨੇ 'ਤੇ ਲਿਆ ਗਿਆ ਹੈ।

# ਮਨੀਲਾ 'ਚ ਪੰਜਾਬੀ ਜੋੜੇ ਦਾ ਕਤਲ

ਜਲੰਧਰ-ਮਨੀਲਾ ਵਿਚ ਪੰਜਾਬ ਵਾਸੀ ਪਤੀ-ਪਤਨੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਦੋਵਾਂ ਦੀ ਪਛਾਣ ਸੁਖਵਿੰਦਰ ਸਿੰਘ (41) ਅਤੇ ਕਿਰਨਦੀਪ ਕੌਰ (33) ਵਜੋਂ ਹੋਈ। ਇਹ ਜੋੜਾ ਗੁਰਾਇਆ ਇਲਾਕੇ ਦੇ ਰਹਿਣ ਵਾਲਾ ਸੀ। ਸੁਖਵਿੰਦਰ ਸਿੰਘ ਦੇ ਭਰਾ ਲਖਬੀਰ ਸਿੰਘ ਨੇ ਦੱਸਿਆ ਕਿ ਸੀਸੀਟੀਵੀ ਫੁਟੇਜ ਮੁਤਾਬਕ ਹਮਲਾਵਰ ਰਾਤ ਸਮੇਂ ਉਸ ਦੇ ਭਰਾ ਦੇ ਘਰ ਦਾਖਲ ਹੋਏ ਅਤੇ ਸੁਖਵਿੰਦਰ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਫਾਇਰਿੰਗ ਦੀ ਆਵਾਜ਼ ਸੁਣ ਕੇ ਕਿਰਨਦੀਪ ਆਪਣੇ ਪਤੀ ਵੱਲ ਭੱਜੀ ਤਾਂ ਹਮਲਾਵਰ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ ਅਤੇ ਉਸ ਦੀ ਵੀ ਮੌਕੇ 'ਤੇ ਹੀ ਮੌਤ ਹੋ ਗਈ। ਸੁਖਵਿੰਦਰ 19 ਸਾਲਾਂ ਤੋਂ ਮਨੀਲਾ ਵਿੱਚ ਫਾਈਨਾਂਸਰ ਸੀ। ਕਿਰਨਦੀਪ ਪੰਜ ਮਹੀਨੇ ਪਹਿਲਾਂ ਮਨੀਲਾ ਗਈ ਸੀ। ਸੁਖਵਿੰਦਰ ਗੁਰਾਇਆ ਨੇੜਲੇ ਪਿੰਡ ਮਹਿਸਮਪੁਰ ਦਾ ਰਹਿਣ ਵਾਲਾ ਸੀ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / icon on its own and the heart and / icon followed by another icon or words are trademarks of the Heart and Stroke Foundation of Canada.

REAL ESTATE BUY & SELL
KULWANT ATWAL 604-716-2135

MORTGAGES 1st, 2nd or Private
BHAJAN ATWAL 604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

Residential
Construction
Commercial
New Immigrants
Self Employed

Private Mortgages
Support & Good Advice
Best Rate Honest Approach
Quick Approval & No Bank Rules*
*terms conditions Apply

Real Estate, Mortgage, Build & Warranty, Private Mortgages
604-716-2135 604-773-8426

# ਫੈਮਿਲੀ ਲਾਅ ਐਕਟ 'ਚ ਤਬਦੀਲੀਆਂ ਨਾਲ ਵੱਖ ਹੋ ਰਹੇ ਜੋੜਿਆਂ ਨੂੰ ਹੋਵੇਗੀ ਸੌਖ

ਵਿਕਟੋਰੀਆ-'ਫੈਮਿਲੀ ਲਾਅ ਐਕਟ' ਵਿੱਚ ਪ੍ਰਸਤਾਵਿਤ ਸੋਧਾਂ, ਵੱਖ ਹੋਣ ਵਾਲੇ ਜੋੜਿਆਂ ਦੀਆਂ ਅੱਜ-ਕੱਲ੍ਹ ਦੀਆਂ ਆਧੁਨਿਕ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰਨ ਲਈ, ਪਾਲਤੂ ਜਾਨਵਰਾਂ, ਜਾਇਦਾਦ ਅਤੇ ਪੈਨਸ਼ਨਾਂ ਨਾਲ ਸੰਬੰਧਤ ਕਾਨੂੰਨ ਨੂੰ ਸਪਸ਼ਟ ਕਰਨਗੀਆਂ।" ਅਟਰਨੀ ਜਨਰਲ ਨਿੱਕੀ ਸ਼ਰਮਾ ਨੇ ਕਿਹਾ ਕਿ ਵੱਖ ਹੋਣ ਦੀ ਪ੍ਰਕਿਰਿਆ (ਸੈਪਰੇਸ਼ਨ) ਜਾਂ ਤਲਾਕ ਵਿੱਚੋਂ ਲੰਘਣਾ ਇੱਕ ਬਹੁਤ ਹੀ ਮੁਸ਼ਕਲ ਅਨੁਭਵ ਹੋ ਸਕਦਾ ਹੈ। ਵੱਖ ਹੋਣ ਦੀ ਪ੍ਰਕਿਰਿਆ ਵਿੱਚੋਂ ਲੰਘ ਰਹੇ ਜੋੜਿਆਂ ਲਈ ਜੀਵਨ ਨੂੰ ਅਸਾਨ ਬਣਾਉਣ ਵਿੱਚ ਮਦਦ ਕਰਨ ਲਈ ਅਸੀਂ ਫੈਮਿਲੀ ਲਾਅ ਐਕਟ ਵਿੱਚ ਸੋਧਾਂ ਪੇਸ਼ ਕਰ ਰਹੇ ਹਾਂ, ਜੋ ਅੱਜ ਦੇ ਲੋਕਾਂ ਦੀਆਂ ਤਰਜੀਹਾਂ ਅਤੇ ਕਦਰਾਂ-ਕੀਮਤਾਂ ਨੂੰ ਬਿਹਤਰ ਢੰਗ ਨਾਲ ਦਰਸਾਉਂਦੀਆਂ ਹਨ, ਜਿਸ ਵਿੱਚ ਵੱਖ ਹੋਣ ਦੀ ਪ੍ਰਕਿਰਿਆ ਵਿੱਚ ਪਾਲਤੂ ਜਾਨਵਰਾਂ ਦੀ ਪਰਿਵਾਰਾਂ ਵਿੱਚ ਅਹਿਮ ਭੂਮਿਕਾ ਨੂੰ ਧਿਆਨ ਵਿੱਚ ਰੱਖਣਾ ਯਕੀਨੀ ਬਣਾਇਆ ਜਾਵੇਗਾ। ਜੇਕਰ ਪਾਸ ਹੋ ਜਾਂਦੀਆਂ ਹਨ, ਤਾਂ ਇਹ ਸੋਧਾਂ ਪਾਲਤੂ ਜਾਨਵਰਾਂ ਦੀ ਮਲਕੀਅਤ ਅਤੇ ਕਿਹੜੀ ਪਾਰਟੀ ਉਹਨਾਂ ਨੂੰ ਆਪਣੇ ਕੋਲ ਰੱਖੇਗੀ, ਇਹ ਨਿਰਧਾਰਤ ਕਰਨ ਵਿੱਚ ਵੱਖ ਹੋ ਰਹੀਆਂ ਪਾਰਟੀਆਂ ਅਤੇ ਜੱਜਾਂ ਲਈ ਵਧੇਰੇ ਮਾਰਗਦਰਸ਼ਨ ਪ੍ਰਦਾਨ ਕਰਨਗੀਆਂ।




## ਆਰਸੀਐਮਪੀ ਪੁਰਸਕਾਰ ਸਮਾਰੋਹ ਵਿਚ ਫ੍ਰੇਜ਼ਰ ਵੈਲੀ ਦੇ 53 ਵਿਅਕਤੀ ਸਨਮਾਨਿਤ

ਸਰੀ-ਚਿਲੀਵੈਕ ਕਲਚਰਲ ਸੈਂਟਰ ਵਿਖੇ ਅਫਸਰ ਇੰਚਾਰਜ ਐਵਾਰਡ ਸਮਾਰੋਹ ਵਿਖੇ ਹਾਲ ਹੀ ਵਿਚ 50 ਤੋਂ ਵੀ ਵੱਧ ਨਾਗਰਿਕਾਂ ਤੇ ਆਰਸੀਐਮਪੀ ਅਫਸਰਾਂ ਨੂੰ ਸਨਮਾਨਿਤ ਕੀਤਾ ਗਿਆ। 15 ਮਾਰਚ ਨੂੰ ਕੁਲ 21 ਪੁਰਸਕਾਰ ਦਿੱਤੇ ਗਏ। ਚਿਲੀਵੈਕ ਆਰਸੀਐਮਪੀ, ਅਰਬਨ ਇੰਡੀਜੀਨਸ ਪੁਲਿਸਿੰਗ ਐਂਡ ਸੇ ਲੈਂਡਜ਼ ਇਨਫੋਰਸਮੈਂਟ ਨੂੰ ਪਹਿਲਾ ਅਪਰ ਫ੍ਰੇਜ਼ਰ ਵੈਲੀ ਰੀਜਨਲ ਡਿਟੈਚਮੈਂਟ (ਯੂਐਫਵੀਆਰਡੀ) ਕੈਨੋ ਪਰਿਵਾਰ ਬਣਾਉਣ ਲਈ ਸਨਮਾਨਿਤ ਕੀਤਾ ਗਿਆ। ਚਿਲੀਵੈਕ ਡਰੱਗ ਸੈਕਸ਼ਨ ਨਾਲ ਜੁੜੇ ਅਫਸਰਾਂ ਨੂੰ ਗੈਰਕਾਨੂੰਨੀ ਅਗਨੀ ਸ਼ਾਸਤਰਾਂ ਨਾਲ ਲੜਨ ਅਤੇ ਸੂਬੇ ਵਿਚ ਗੈਂਗ ਕਰਵਾਈਆਂ ਨੂੰ ਠੱਲ ਪਾਉਣ ਲਈ ਪ੍ਰਦਰਸ਼ਨ ਵਿਚ ਐਕਸੀਲੈਂਸੀ ਪੁਰਸਕਾਰ ਦਿੱਤਾ ਗਿਆ। ਚਿਲੀਵੈਕ ਵਿਚ ਪ੍ਰਾਇਰਟੀ ਟਾਰਗੈਟ ਟੀਮ ਦੀ ਪ੍ਰਾਪਰਟੀ ਜ਼ੁਰਮਾਂ ਨਾਲ ਲੜਨ ਅਤੇ ਚਿਲੀਵੈਕ ਆਧਾਰਤ ਮਸ਼ਹੂਰ ਤੇ ਤਰਜੀਹੀ ਅਪਰਾਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਸਨਮਾਨਿਤ ਕੀਤਾ ਗਿਆ।

## ਚਿਲੀਵੈਕ ਨੇ ਘਰ ਤੇ ਸਟੋਰੇਜ ਲਾਕਰ ਵਿਚੋਂ ਨਸ਼ੀਲੇ ਪਦਾਰਥ ਤੇ ਸ਼ਾਟਗਨਜ਼ ਬਰਾਮਦ ਕੀਤੀਆਂ

ਸਰੀ-ਪੁਲਿਸ ਨੇ ਚਿਲੀਵੈਕ ਵਿਚ 14 ਮਾਰਚ ਨੂੰ ਦੋ ਤਲਾਸ਼ੀ ਵਾਰੰਟਾਂ ਦੀ ਤਾਮੀਲ ਕਰਦਿਆਂ ਵੱਡੀ ਮਾਤਰਾ ਵਿਚ ਫੈਂਟਾਨਿਲ ਨਸ਼ੀਲਾ ਪਦਾਰਥ,ਸ਼ਾਟਗਨਜ਼ ਤੇ ਹੋਰ ਸਬੂਤ ਬਰਾਮਦ ਕੀਤੇ ਹਨ। ਦੋਵੇਂ ਤਲਾਸ਼ੀ ਵਾਰੰਟ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਜਾਂਚ ਨਾਲ ਸਬੰਧਤ ਸਨ ਅਤੇ ਆਰਸੀਐਮਪੀ ਨੇ ਜਾਂਚ ਨੂੰ ਗੁੰਝਲਦਾਰ ਆਖਿਆ ਹੈ। ਅਧਿਕਾਰੀ ਪਹਿਲਾ ਵਾਰੰਟ ਗਾਰਡਨ ਡਰਾਈਵ ਦੇ 9000 ਬਲਾਕ ਲੈ ਕੇ ਗਏ ਅਤੇ ਦੂਸਰਾ ਵਾਰੰਟ ਇੰਡਸਟਰੀਅਲ ਵੇਅ ਇਕ ਸਟੋਰੇਜ ਲਾਕਰ ਲਈ ਲੈ ਕੇ ਗਏ। ਅਧਿਕਾਰੀਆਂ ਨੇ ਤਲਾਸ਼ੀ ਦੌਰਾਨ ਅਸਲੇ ਸਮੇਤ ਦੋ ਸ਼ਾਟਗਨਜ਼, ਇਕ ਲੋਡ ਕੀਤੀ ਹੈਂਡਗਨ, ਲਗਪਗ ਪੰਜ ਕਿਲੋ ਪੈਕ ਕੀਤਾ ਮਾਰਿਜੁਆਨਾ, ਲਗਪਗ, ਇਕ ਕਿਲੋ ਸ਼ੱਕੀ ਫੈਂਟਾਨਿਲ, ਵੱਡੀ ਮਾਤਰਾ ਵਿਚ ਸ਼ੱਕੀ ਮੇਥਲਫੇਟਾਮਾਈਨ ਅਤੇ ਵੱਡੀ ਮਾਤਰਾ ਵਿਚ ਨਕਦੀ, ਕਈ ਸੈੱਲ ਫੋਨ, ਕਈ ਸ਼ੀਟਾਂ, ਨਸ਼ੀਲੇ ਪਦਾਰਥਾਂ ਨੂੰ ਪੈਕਿੰਗ ਕੀਤੇ ਜਾਣ ਵਾਲੀ ਸਮੱਗਰੀ ਅਤੇ ਸਕੇਲਜ਼ ਬਰਾਮਦ ਕੀਤੀਆਂ ਹਨ।

## ਹਮਲੇ ਕਰਨ ਤੇ ਧਮਕੀਆਂ ਦੇਣ ਵਾਲੇ ਵਿਅਕਤੀ ਢੇਸੀ ਦੀ ਪੁਲਿਸ ਨੂੰ ਭਾਲ

ਸਰੀ-ਪੁਲਿਸ ਹਮਲਾ ਕਰਨ ਅਤੇ ਧਮਕੀਆਂ ਦੇਣ ਦੇ ਮਾਮਲੇ ਵਿਚ ਲੋੜੀਂਦੇ ਮਨਵੀਰ ਸਿੰਘ ਢੇਸੀ ਦੀ ਭਾਲ ਕਰ ਰਹੀ ਹੈ। ਢੇਸੀ ਸਰੀ ਵਿਚ ਰਹਿੰਦਾ ਹੈ ਪਰ ਬਰਨਬੀ ਵਿਚ ਬਹੁਤਾ ਸਮਾਂ ਬਿਤਾਉਂਦਾ ਹੈ। 28 ਸਾਲਾ ਢੇਸੀ 'ਤੇ ਹਮਲੇ ਕਰਨ, ਧਮਕੀਆਂ ਦੇਣ ਤੇ ਸ਼ਰਾਰਤ ਕਰਨ ਦੇ ਕਈ ਦੋਸ਼ ਹਨ। ਉਹ ਸਰੀ ਵਿਚ ਰਹਿਣ ਲਈ ਜਾਣਿਆਂ ਜਾਂਦਾ ਹੈ ਪਰ ਉਹ ਬਰਨਬੀ ਵੀ ਅਕਸਰ ਆਉਂਦਾ ਜਾਂਦਾ ਹੈ। ਪੁਲਿਸ ਉਸ ਦਾ ਥੁਹ ਪਤਾ ਦੱਸਣ ਲਈ ਲੋਕਾਂ ਨੂੰ 604-646-9999 'ਤੇ ਫੋਨ ਕਰਨ ਲਈ ਲੋਕਾਂ ਨੂੰ ਆਖ ਰਹੀ ਹੈ।

## ਬੀਸੀ ਵਲੋਂ ਭਾਰ ਘਟਾਉਣ ਦੇ ਚਰਚਿਆਂ ਵਾਲੀ ਸ਼ੂਗਰ ਦੀ ਦਵਾਈ ਓਜ਼ੈਂਪਿਕ ਤਕ ਪਹੁੰਚ ਲਈ ਯੋਜਨਾ ਦਾ ਐਲਾਨ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਦੇ ਸਿਹਤ ਮੰਤਰੀ ਨੇ ਇਨ੍ਹਾਂ ਯੋਜਨਾਵਾਂ ਦਾ ਐਲਾਨ ਕੀਤਾ ਕਿ ਕਿਵੇਂ ਸਰਕਾਰ ਸ਼ੂਗਰ ਨੂੰ ਕੰਟਰੋਲ ਕਰਨ ਅਤੇ ਭਾਰ ਘਟਾਉਣ ਵਾਲੀ ਦਵਾਈ ਓਜ਼ੇਂਪਿਕ ਤਕ ਮਰੀਜ਼ਾਂ ਦੀ ਸੁਰੱਖਿਅਤ ਪਹੁੰਚ ਨੂੰ ਯਕੀਨੀ ਬਣਾਵੇਗੀ। ਐਡਰੀਅਨ ਡਿਕਸ ਨੇ ਜਨਵਰੀ ਵਿਚ ਕਿਹਾ ਸੀ ਕਿ ਸਰਕਾਰ ਇਸ ਗੱਲ ਦੀ ਜਾਂਚ ਕਰੇਗੀ ਕਿ ਬੀਸੀ ਵਿਚ ਦਵਾਈ ਦਾ ਲਗਪਗ 10 ਫ਼ੀਸਦੀ ਹਿੱਸਾ ਅਮਰੀਕੀ ਨਾਗਰਿਕਾਂ ਨੂੰ ਕਿਵੇਂ ਦਿੱਤਾ ਜਾ ਰਿਹਾ ਹੈ। ਡਿਕਸ ਨੇ ਉਸ ਸਮੇਂ ਕਿਹਾ ਸੀ ਕਿ ਸ਼ੂਗਰ ਦੀ ਦਵਾਈ ਦੀ ਨਾਟਕੀ ਢੰਗ ਨਾਲ ਮੰਗ ਇਸ ਕਰਕੇ ਵਧੀ ਹੈ ਕਿਉਂਕਿ ਸੋਸ਼ਲ ਮੀਡੀਆ ਇਨਫਲੂਐਂਸਰਾਂ ਨੇ ਕਿਹਾ ਕਿ ਇਸ ਨਾਲ ਭਾਰ ਘਟਾਉਣ ਦੇ ਲਾਭ ਮਿਲਦੇ ਹਨ। ਅਮਰੀਕਾ ਵਿਚ ਕਈ ਸੈਲੀਬਰਿਟੀਜ਼ ਡਰੱਗ ਦਾ ਪ੍ਰਚਾਰ ਕਰ ਰਹੀਆਂ ਹਨ, ਭਾਵੇਂ ਇਸ ਨੂੰ ਭਾਰ ਘਟਾਉਣ ਵਾਲੀ ਦਵਾਈ ਵਜੋਂ ਪ੍ਰਵਾਨਗੀ ਨਹੀਂ ਦਿੱਤੀ ਪਰ ਮੰਗ ਵਧਣ ਕਾਰਨ ਦਵਾਈ ਦੀ ਘਾਟ ਪੈਦਾ ਹੋ ਗਈ।

## ਗੁਰੂ ਨਾਨਕ ਫੂਡ ਬੈਂਕ ਵਲੋਂ ਨੌਜਵਾਨ ਵਲੰਟੀਅਰਾਂ ਦਾ ਧੰਨਵਾਦ

ਸਰੀ-ਅਸੀਂ ਗੁਰੂ ਨਾਨਕ ਫੂਡ ਬੈਂਕ ਵਲੋਂ ਸਾਰੇ ਨੌਜਵਾਨ ਵਲੰਟੀਅਰਾਂ ਦਾ ਧੰਨਵਾਦ ਕਰਨਾ ਚਾਹੁੰਦੇ ਹਨ ਜਿਨ੍ਹਾਂ ਨੇ ਸਾਰੀਆਂ ਥਾਵਾਂ 'ਤੇ ਆਪਣਾ ਸਪਰਿੰਗ ਬਰੇਕ ਸਮਾਂ ਸਵੈ-ਇੱਛਾ ਨਾਲ ਕੰਮ ਕਰਕੇ ਬਿਤਾਇਆ ਹੈ। ਇਨ੍ਹਾਂ 16 ਦਿਨਾਂ ਵਿਚ 9 ਤੋਂ 18 ਸਾਲ ਦੇ 30 ਤੋਂ ਵੀ ਜ਼ਿਆਦਾ ਵਲੰਟੀਅਰਾਂ ਨੇ ਤਿੰਨ ਥਾਵਾਂ ਖ਼ਾਸਕਰ ਸਰੀ ਤੇ ਡੈਲਟਾ ਵਿਚ 2000 ਘੰਟੇ ਤੋਂ ਵੀ ਜ਼ਿਆਦਾ ਯੋਗਦਾਨ ਪਾਇਆ ਹੈ। ਅਸੀਂ ਉਨ੍ਹਾਂ ਦੇ ਸਮਰਪਣ ਅਤੇ ਉੱਚ ਹਾਂਪੱਖੀ ਭਾਵਨਾਵਾਂ ਦੀ ਕਦਰ ਕਰਦੇ ਹਾਂ। ਸਾਰੇ ਇਨ੍ਹਾਂ ਮਿਹਨਤੀ ਵਲੰਟੀਅਰਾਂ ਵਿਚ 9 ਸਾਲਾ ਸਭ ਤੋਂ ਛੋਟੇ ਵਲੰਟੀਅਰ ਲਕਸ਼ ਵਾਲੀਆ ਵੀ ਸ਼ਾਮਿਲ ਸੀ ਜਿਹੜਾ ਡੈਲਟਾ ਲੋਕੇਸ਼ਨ 'ਤੇ ਹਰ ਰੋਜ਼ ਆਉਂਦਾ ਰਿਹਾ ਅਤੇ ਸਾਰਾ ਸਮਾਂ ਆਪਣੇ ਆਪ ਕੰਮ ਕਰਦਾ ਰਿਹਾ।

## ਲਾਪਤਾ 42 ਸਾਲਾ ਔਰਤ ਦੀ ਲਾਸ਼ ਮਿਲੀ

ਸਰੀ-ਆਰਸੀਐਮਪੀ ਨੇ ਦੱਸਿਆ ਕਿ 42 ਸਾਲਾ ਲਾਪਤਾ ਔਰਤ ਦੀ ਡੈਲਟਾ ਵਿਚ ਲਾਸ਼ ਮਿਲੀ ਹੈ। ਉਸ ਦੀ ਮੌਤ ਵਿਚ ਕਿਸੇ ਅਪਰਾਧਿਕ ਘਟਨਾ ਵਾਲੀ ਕੋਈ ਗੱਲ ਨਹੀਂ ਲਗਦੀ। ਨਿੱਜਤਾ ਕਾਰਨ ਔਰਤ ਦਾ ਨਾਂ ਨਹੀਂ ਦੱਸਿਆ ਗਿਆ। ਇਸ ਤੋਂ ਪਹਿਲਾਂ ਉਸ ਨੂੰ ਲੱਭਣ ਲਈ ਪੁਲਿਸ ਲੋਕਾਂ ਦੀ ਮਦਦ ਮੰਗ ਰਹੀ ਸੀ। ਉਸ ਨੂੰ ਆਖਰੀ ਵਾਰ 11 ਫਰਵਰੀ 2023 ਨੂੰ 123ਬੀ ਸਟਰੀਟ ਦੇ 7000 ਬਲਾਕ ਵਿਚ ਰਾਤ 11 ਵਜੇ ਉਸ ਦੇ ਪਰਿਵਾਰ ਨੇ ਦੇਖਿਆ ਸੀ। ਡੈਲਟਾ ਪੁਲਿਸ ਨੂੰ ਉਸ ਦੀ ਕਾਰ 2006 ਨਿਸ਼ਾਨ ਪਾਥਫਾਈਂਡਰ ਅਲੈਕਸ ਫ੍ਰੇਜ਼ਰ ਬਰਿਜ 'ਤੇ ਉੱਤਰ ਵਾਲੇ ਪਾਸੇ ਨੂੰ ਜਾਣ ਵਾਲੀ ਲੇਨ ਤੋਂ ਲਾਵਾਰਸ ਬਰਾਮਦ ਕੀਤੀ ਸੀ।

## ਐਮ.ਪੀ. ਹੱਲਣ ਮਹਿੰਗਾਈ ਨੂੰ ਲੈ ਕੇ ਸਰਕਾਰ 'ਤੇ ਵਰ੍ਹੇ



ਓਟਵਾ-ਕੰਸਰਵੇਟਿਵ ਐਮਪੀ ਜਸਰਾਜ ਸਿੰਘ ਹੱਲਣ ਨੇ ਹਾਊਸ ਆਫ ਕਾਮਨਜ਼ ਵਿਚ ਸਪੀਕਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਉ ਕੈਨੇਡਾ ਦੇ ਇਤਿਹਾਸ ਦੇ ਸਭ ਤੋਂ ਮਹਿੰਗੇ ਹਾਊਸਿੰਗ ਮੰਤਰੀ ਨੂੰ ਦੇਖੋ। ਇਸ ਪ੍ਰਤਿਭਾਸ਼ਾਲੀ ਮੰਤਰੀ ਨੇ ਕੈਨੇਡੀਅਨਾਂ ਲਈ ਮੌਰਟਗੇਜ ਅਤੇ ਕਿਰਾਏ ਦੀ ਲਾਗਤ ਦੁੱਗਣੀ ਕਰਨ ਲਈ 89 ਅਰਬ ਡਾਲਰ ਖਰਚ ਕਰ ਦਿੱਤੇ ਅਤੇ ਹੁਣ ਘਰ ਦੀ ਬਚਤ ਲਈ ਖਰਚ ਨੂੰ ਦੁੱਗਣਾ ਕਰ ਦਿੱਤਾ ਹੈ। ਇਨ੍ਹਾਂ ਪ੍ਰਤਿਭਾਵਾਂ ਨੇ ਗੈਸ, ਗਰੌਸਰੀਜ਼ ਅਤੇ ਹੋਮ ਹੀਟਿੰਗ ਵਰਗੀਆਂ ਘਰ 'ਚ ਵਰਤੋਂ ਵਿਚ ਆਉਣ ਵਾਲੀ ਹਰੇਕ ਚੀਜ਼ ਦਾ ਖਰਚ ਦੁੱਗਣਾ ਕਰ ਦਿੱਤਾ ਹੈ ਅਤੇ ਇਕ ਅਪ੍ਰੈਲ ਤੋਂ ਆਪਣੇ ਅਸਫਲ ਕਾਰਬਟ ਟੈਕਸ ਨਾਲ ਇਸ ਨੂੰ ਹੋਰ ਵਧਾਉਣ ਜਾ ਰਹੇ ਹਨ। ਸਪੀਕਰ ਸਾਹਿਬ ਪ੍ਰਧਾਨ ਮੰਤਰੀ ਦੇ ਅੱਠ ਸਾਲ ਦੇ ਉੱਚ ਟੈਕਸਾਂ ਅਤੇ ਸਰਕਾਰ ਦੇ ਜ਼ਿਆਦਾ ਖਰਚ ਕਾਰਨ 50 ਫ਼ੀਸਦੀ ਇਨਸੌਲਵੈਂਸੀਜ਼ ਅਤੇ ਦੀਵਾਲੀਆਪਨ ਸਾਡੇ ਨੌਜਵਾਨਾਂ ਹੈ ਹਾਲਾਂਕਿ ਉਨ੍ਹਾਂ ਦੀ ਆਬਾਦੀ ਜਨਸੰਖਿਆ ਦੀ ਇਕ ਚੌਥਾਈ ਹੈ। ਉਹ ਰਿਕਾਰਡ ਘਾਟੇ ਨਾਲ ਉਧਾਰ ਲੈ ਰਹੇ ਹਨ। 10 ਨੌਜਵਾਨ ਲੋਕਾਂ ਵਿਚ 9 ਦਾ ਆਪਣਾ ਘਰ ਹੋਣ ਦਾ ਸੁਪਨਾ ਮਰ ਗਿਆ ਹੈ ਜਿਹੜੇ ਲਿਬਰਲਜ਼ ਦੀ ਮਿਹਰਬਾਨੀ ਨਾਲ ਕਦੇ ਵੀ ਮਕਾਨ ਮਾਲਕ ਨਹੀਂ ਬਣ ਸਕਣਗੇ।

## ਚਿਲੀਵੈਕ ਵਿਚ ਗੋਲੀਬਾਰੀ- ਦੋ ਵਿਅਕਤੀ ਜ਼ਖ਼ਮੀ

ਸਰੀ-ਚਿਲੀਵੈਕ ਵਿਚ ਦੋ ਵਿਅਕਤੀਆਂ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਬ੍ਰਿਟਿਸ਼ ਕੋਲੰਬੀਆ ਵਿਚ ਪੁਲਿਸ ਲੋਕਾਂ ਨੂੰ ਮਦਦ ਕਰਨ ਲਈ ਕਹਿ ਰਹੀ ਹੈ। ਸਨਿਚਰਵਾਰ ਰਾਤ ਸ਼ਹਿਰ ਦੇ ਰੋਟਰੀ ਟਰੇਲ ਪਾਰਕ ਦੇ ਪ੍ਰਵੇਸ਼ ਵਿਖੇ ਗੋਲੀਆਂ ਚੱਲਣ ਪਿੱਛੋਂ ਅਫਰਾ ਤਫਰੀ ਫੈਲਣ ਦੀਆਂ ਕਈ ਰਿਪੋਰਟਾਂ ਮਿਲਣ ਪਿੱਛੋਂ ਪੁਲਿਸ ਅਧਿਕਾਰੀ ਮੌਕੇ 'ਤੇ ਪੁੱਜੇ। ਆਰਸੀਐਮਪੀ ਨੇ ਦੱਸਿਆ ਕਿ ਪੁਲਿਸ ਨੂੰ ਮੌਕੇ ਤੋਂ ਦੋ ਵਿਅਕਤੀ ਜ਼ਖ਼ਮੀ ਹਾਲਤ ਵਿਚ ਮਿਲੇ ਜਿਨ੍ਹਾਂ ਦੇ ਕਈ ਗੋਲੀਆਂ ਲੱਗੀਆਂ ਹੋਈਆਂ ਸਨ। ਐਮਰਜੈਂਸੀ ਦੇ ਪਹੁੰਚਣ ਤਕ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਦਿੱਤੀ ਗਈ ਅਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਭਾਵੇਂ ਜਾਂਚ ਅਜੇ ਮੁੱਢਲੇ ਪੜਾਅ ਵਿਚ ਹੈ ਪਰ ਪੁਲਿਸ ਨੂੰ ਸ਼ੱਕ ਹੈ ਕਿ ਘਟਨਾ ਨੂੰ ਅੰਜ਼ਾਮ ਮਿਥ ਕੇ ਦਿੱਤਾ ਗਿਆ ਅਤੇ ਇਹ ਲੋਅਰ ਮੇਨਲੈਂਡ ਵਿਚ ਚਲੀ ਰਹੀ ਗੈਂਗ ਵਾਰ ਨਾਲ ਜੁੜੀ ਹੋ ਸਕਦੀ ਹੈ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616




# ਸ਼੍ਰੋਮਣੀ ਕਮੇਟੀ ਦਾ 1138 ਕਰੋੜ ਦਾ ਬਜਟ ਪਾਸ

ਸਫ਼ਾ 3 ਦੀ ਬਾਕੀ

ਵਧੇਰੇ ਤਰਜੀਹ ਦਿੱਤੀ ਗਈ ਹੈ। ਸਿੱਖ ਸੰਸਥਾ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਹਰਿਆਣਾ ਦੇ ਗੁਰਦੁਆਰਿਆਂ ਦਾ ਬਜਟ ਮੁੱਖ ਬਜਟ ਵਿਚੋਂ ਮਨਫੀ ਹੈ। ਹਾਲਾਂਕਿ ਹਰਿਆਣਾ ਦੇ ਗੁਰਦੁਆਰਿਆਂ ਲਈ ਲਗਪਗ 57 ਕਰੋੜ ਰੁਪਏ ਦਾ ਇਕ ਵੱਖਰਾ ਅਨੁਮਾਨਤ ਬਜਟ ਰਾਖਵਾਂ ਰੱਖਿਆ ਗਿਆ ਹੈ। ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਏ ਬਜਟ ਇਜਲਾਸ ਦੀ ਪ੍ਰਧਾਨਗੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ ਜਦੋਂ ਕਿ ਜਨਰਲ ਇਜਲਾਸ ਦੌਰਾਨ ਸਿੱਖ ਸੰਸਥਾ ਦਾ ਬਜਟ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਪੇਸ਼ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਏ ਜਨਰਲ ਇਜਲਾਸ ਵਿਚ ਹਾਕਮ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਵਿਚਾਲੇ ਹਲਕੀ ਬਹਿਸ ਵੀ ਹੋਈ, ਪਰ ਬਾਅਦ ਵਿਚ ਬਜਟ ਇਜਲਾਸ ਬਿਨਾਂ ਵਿਘਨ ਮੁਕੰਮਲ ਹੋਇਆ। ਬਜਟ ਇਜਲਾਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰ ਮੌਜੂਦ ਸਨ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ 11 ਅਰਬ 38 ਕਰੋੜ 14 ਲੱਖ ਰੁਪਏ ਦਾ ਬਜਟ ਪੇਸ਼ ਕੀਤਾ, ਜਿਸ ਨੂੰ ਹਾਜ਼ਰ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਆਪਣੇ ਬਜਟ ਭਾਸ਼ਣ ਵਿਚ ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਅਤੇ ਅਦਾਰਿਆਂ ਦੀ ਹੋਣ ਵਾਲੀ ਆਮਦਨ ਤੇ ਖਰਚਿਆਂ ਦੇ ਵੇਰਵੇ ਸਾਂਝੇ ਕਰਦਿਆਂ ਵੱਖ-ਵੱਖ ਭਵਿੱਖੀ ਕਾਰਜਾਂ ਲਈ ਰੱਖੀ ਗਈ ਰਾਸ਼ੀ ਦਾ ਖੁਲਾਸਾ ਕੀਤਾ। ਐਤਕੀਂ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਲਗਾਈ ਵੱਡ ਅਕਾਰੀ ਸਕਰੀਨ 'ਤੇ ਨਾਲੋ-ਨਾਲ ਬਜਟ ਦੇ ਅੰਕੜੇ ਵੀ ਜਾਰੀ ਕੀਤੇ ਗਏ। ਸਿੱਖ ਸੰਸਥਾ ਦੇ ਬਜਟ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਬਜਟ ਦੇ 'ੳ' ਭਾਗ ਵਿਚ ਜਨਰਲ ਬੋਰਡ ਫੰਡ, ਟਰੱਸਟ ਫੰਡ, ਵਿਦਿਆ ਫੰਡ ਅਤੇ ਪ੍ਰਿੰਟਿੰਗ ਪ੍ਰੈੱਸਾਂ ਸ਼ਾਮਲ ਹਨ, ਜਦੋਂਕਿ ਬਜਟ ਦੇ 'ਅ' ਭਾਗ ਵਿਚ ਧਰਮ ਪ੍ਰਚਾਰ ਕਮੇਟੀ, ਭਾਗ 'ਅ' ਵਿਚ ਸੈਕਸ਼ਨ 85 ਦੇ ਗੁਰਦੁਆਰੇ ਅਤੇ ਭਾਗ 'ਸ' ਵਿਚ ਵਿਦਿਅਕ ਅਦਾਰੇ ਸ਼ਾਮਲ ਹਨ। ਇਨ੍ਹਾਂ ਸਾਰਿਆਂ ਤੋਂ ਇਸ ਵਿੱਤੀ ਵਰ੍ਹੇ ਦੌਰਾਨ ਆਮਦਨ ਲਗਪਗ 1106 ਕਰੋੜ, 4 ਲੱਖ 55 ਹਜ਼ਾਰ ਰੁਪਏ ਹੋਣ ਦਾ ਅਨੁਮਾਨ ਹੈ ਜਦੋਂ ਕਿ ਕੁੱਲ ਖਰਚਾ 1138 ਕਰੋੜ 14 ਲੱਖ 54 ਹਜ਼ਾਰ ਰੁਪਏ ਹੋਣ ਦਾ ਅਨੁਮਾਨ ਹੈ। ਇਹ ਅੰਕੜਾ ਆਮਦਨ ਨਾਲੋਂ ਲਗਪਗ 32 ਕਰੋੜ 9 ਲੱਖ 98 ਹਜ਼ਾਰ ਰੁਪਏ ਵਧੇਰੇ ਹੈ। ਇਸ ਵਾਧੂ ਖਰਚੇ ਵਿਚ ਸਭ ਤੋਂ ਵੱਧ ਖਰਚਾ 29 ਕਰੋੜ 88 ਲੱਖ 98 ਹਜ਼ਾਰ ਰੁਪਏ ਵਿਦਿਅਕ ਅਦਾਰਿਆਂ ਨਾਲ ਸਬੰਧਤ ਹੈ ਜਦੋ ਕਿ ਬਾਕੀ ਦੋ ਕਰੋੜ 21 ਲੱਖ ਰੁਪਏ ਦਾ ਵਾਧੂ ਖਰਚਾ ਪ੍ਰਿੰਟਿੰਗ ਪ੍ਰੈੱਸਾਂ ਨਾਲ ਸਬੰਧਿਤ ਹੈ। ਬਜਟ ਇਜਲਾਸ ਮਗਰੋਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਅਤੇ ਕੇਸਾਂ ਦੀ ਪੈਰਵੀ ਦੇ ਨਾਲ-ਨਾਲ ਨਜ਼ਰਬੰਦ ਸਿੰਘਾਂ ਦੇ ਪਰਿਵਾਰਾਂ ਨੂੰ ਸਹਾਇਤਾ ਲਈ ਵੀ ਵਿਸ਼ੇਸ਼ ਰਾਸ਼ੀ ਦਾ ਪ੍ਰਬੰਧ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੀਆਂ ਭਵਿੱਖੀ ਯੋਜਨਾਵਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਵਿਸ਼ੇਸ਼ ਤੌਰ 'ਤੇ ਸਿੱਖ ਨੌਜਵਾਨਾਂ ਨੂੰ ਪ੍ਰਸ਼ਾਸਕੀ ਸੇਵਾਵਾਂ ਵਿਚ ਲਿਆਉਣ ਲਈ ਖੋਲ੍ਹੀ ਗਈ ਅਕੈਡਮੀ ਦਾ ਜ਼ਿਕਰ ਕੀਤਾ। ਹਰਿਆਣਾ ਦੇ ਗੁਰਦੁਆਰਿਆ ਦੇ ਬਜਟ ਸਬੰਧੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਵਾਰ ਹਰਿਆਣਾ ਦੇ ਗੁਰਦੁਆਰਿਆਂ ਲਈ ਵੱਖਰੇ ਤੌਰ 'ਤੇ 57 ਕਰੋੜ 11 ਲੱਖ ਰੁਪਏ ਰੱਖਿਆ ਗਿਆ ਹੈ। ਭਾਵੇਂ ਸਰਕਾਰਾਂ ਨੇ ਇਨ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਪਾਸੋਂ ਜਬਰੀ ਖੋਹ ਲਿਆ ਹੈ, ਪਰ ਫਿਰ ਵੀ ਸ਼੍ਰੋਮਣੀ ਕਮੇਟੀ ਨੇ ਇਸ ਲਈ ਬਜਟ ਰੱਖਿਆ ਹੈ।

# ਅੰਮ੍ਰਿਤਪਾਲ ਸਿੰਘ ਨੇ ਵੀਡੀਓ ਰਾਹੀਂ ਚੜ੍ਹਦੀ ਕਲਾ ਵਿਚ ਹੋਣ ਦਾ ਸੁਨੇਹਾ

ਸਫ਼ਾ 3 ਦੀ ਬਾਕੀ

ਜ਼ਰੀਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ 'ਤੇ ਚਰਚਾ ਲਈ ਅਗਲੇ ਮਹੀਨੇ ਵਿਸਾਖੀ ਦਿਹਾੜੇ 'ਤੇ ਸਰਬੱਤ ਖ਼ਾਲਸਾ ਸੱਦਣ। ਉਸ ਨੇ ਕਿਹਾ ਕਿ ਲੋਕ ਪਹਿਲਾਂ ਹੀ ਜਾਗਰੂਕ ਹਨ ਜਿਸ ਕਰਕੇ ਜਥੇਦਾਰ ਹੁਣ ਲੋਕ ਮਨਾਂ ਵਿਚ ਬਣੇ ਖੌਫ਼ ਨੂੰ ਤੋੜਨ ਲਈ ਅਗਵਾਈ ਕਰਨ। ਉਨ੍ਹਾਂ ਕਿਹਾ ਕਿ ਜੇ ਜਵਾਨੀ ਤੇ ਪੰਜਾਬ ਨੂੰ ਬਚਾਉਣਾ ਹੈ ਤਾਂ ਭਾਈਚਾਰੇ ਨੂੰ ਛੋਟੇ ਮੋਟੇ ਧਰਨਿਆਂ ਤੇ ਮੋਰਚਿਆਂ ਦੀ ਥਾਂ ਉਸੇ ਤਰ੍ਹਾਂ ਸਰਬੱਤ ਖ਼ਾਲਸਾ ਵਿਚ ਹਿੱਸਾ ਲੈਣਾ ਚਾਹੀਦਾ ਹੈ ਜਿਵੇਂ ਅਬਦਾਲੀ ਦੁਆਰਾ ਸਿੱਖਾਂ ਦੀ ਨਸਲਕੁਸ਼ੀ ਕਰਨ ਤੋਂ ਬਾਅਦ ਸਰਬੱਤ ਖ਼ਾਲਸਾ 'ਚ ਇਕੱਠ ਹੋਇਆ ਸੀ। ਅੰਮ੍ਰਿਤਪਾਲ ਸਿੰਘ ਨੇ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਸਰਬੱਤ ਖ਼ਾਲਸਾ ਵਿਚ ਹਿੱਸਾ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਜੇ ਅਸੀਂ ਇਸ ਵੇਲੇ ਵੀ ਘਰਾਂ ਵਿਚ ਬੈਠੇ ਰਹੇ ਤਾਂ ਆਉਣ ਵਾਲੀ ਪੀੜ੍ਹੀ ਕਦੇ ਮੁਆਫ਼ ਨਹੀਂ ਕਰੇਗੀ। ਅੰਮ੍ਰਿਤਪਾਲ ਨੇ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਨੇ ਫੜੇ ਗਏ ਸਿੰਘਾਂ ਦੀ ਰਿਹਾਈ ਲਈ ਸਰਕਾਰ ਨੂੰ 24 ਘੰਟੇ ਦਾ ਅਲਟੀਮੇਟਮ ਦਿੱਤਾ, ਪਰ ਸਰਕਾਰ ਨੇ ਜਥੇਦਾਰ ਦੇ ਅਲਟੀਮੇਟਮ ਨੂੰ ਬੜੇ ਘਟੀਆ ਢੰਗ ਨਾਲ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਕਿ ਜਥੇਦਾਰ ਨੂੰ ਹੁਣ ਸਖ਼ਤ ਸਟੈਂਡ ਲੈਣਾ ਚਾਹੀਦਾ ਹੈ ਤੇ ਵਿਸਾਖੀ 'ਤੇ ਸਰਬੱਤ ਖ਼ਾਲਸਾ ਸੱਦਣਾ ਚਾਹੀਦਾ ਹੈ। ਅੰਮ੍ਰਿਤਪਾਲ ਨੇ ਜਥੇਬੰਦੀ ਖ਼ਿਲਾਫ਼ ਕਾਰਵਾਈ ਨੂੰ ਸਿੱਖ ਕੌਮ 'ਤੇ ਹਮਲਾ ਦੱਸਿਆ ਹੈ। ਉਹ ਆਖਦਾ ਹੈ ਕਿ 18 ਮਾਰਚ ਤੋਂ ਬਾਅਦ ਇੰਟਰਨੈੱਟ ਬੰਦ ਹੋ ਗਿਆ ਅਤੇ ਖ਼ਬਰਾਂ ਦਾ ਪਤਾ ਨਹੀਂ ਲੱਗਿਆ। ਅੰਮ੍ਰਿਤਪਾਲ ਸਿੰਘ ਦਾ ਕਹਿਣਾ ਸੀ ਕਿ ਅੱਜ ਖ਼ਬਰਾਂ ਦੇਖੀਆਂ ਹਨ ਕਿ ਸਰਕਾਰ ਜ਼ੁਲਮ ਦੀ ਹੱਦ ਟੱਪ ਗਈ ਹੈ। ਸਿੱਖ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਫਸਾ ਦਿੱਤਾ ਹੈ ਅਤੇ ਔਰਤਾਂ ਤੇ ਬੱਚਿਆਂ ਨੂੰ ਵੀ ਨਹੀਂ ਬਖ਼ਸ਼ਿਆ। ਅਜਿਹਾ ਹੀ ਬੇਅੰਤ ਸਿੰਘ ਦੀ ਸਰਕਾਰ ਨੇ ਕੀਤਾ ਸੀ। ਪ੍ਰਧਾਨ ਮੰਤਰੀ ਬਾਜੇਕੇ ਵਰਗੇ ਲੋਕਾਂ ਅਤੇ ਹੋਰਨਾਂ ਨੂੰ ਬਿਨਾਂ ਕਿਸੇ ਕਾਰਨ ਐੱਨਐੱਸਏ ਲਾ ਕੇ ਅਸਾਮ ਦੀਆਂ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਹੈ। ਉਨ੍ਹਾਂ ਨੇ ਸੰਗਤਾਂ ਦਾ ਧੰਨਵਾਦ ਵੀ ਕੀਤਾ ਅਤੇ ਸਰਬੱਤ ਖ਼ਾਲਸਾ ਵਾਸਤੇ ਕਮਰਕੱਸੇ ਕਰਨ ਦੀ ਅਪੀਲ ਕੀਤੀ।

ਚੇਤੇ ਰਹੇ ਕਿ ਅੰਮ੍ਰਿਤਪਾਲ ਸਿੰਘ 18 ਮਾਰਚ ਨੂੰ ਪੁਲੀਸ ਨੂੰ ਝਕਾਨੀ ਦੇ ਕੇ ਪੰਜਾਬ 'ਚੋਂ ਨਿਕਲਣ ਵਿਚ ਸਫਲ ਹੋ ਗਿਆ ਸੀ। ਉਸ ਦੇ ਪਿਛਲੇ ਦਿਨੀਂ ਸ਼ਾਹਬਾਦ, ਪਟਿਆਲਾ, ਲੁਧਿਆਣਾ ਅਤੇ ਦਿੱਲੀ ਵਿਚ ਹੋਣ ਦੇ ਚਰਚੇ ਚੱਲਦੇ ਰਹੇ। ਉਸ ਨੂੰ ਸੀਸੀਟੀਵੀ ਤਸਵੀਰਾਂ ਵਿੱਚ ਵੱਖੋ-ਵੱਖਰੇ ਭੇਸਾਂ ਵਿਚ ਦਿਖਾਇਆ ਗਿਆ। ਲੰਘੀ ਰਾਤ ਤੋਂ ਹੀ ਉਸ ਦੇ ਪੰਜਾਬ ਦੇ ਹੁਸ਼ਿਆਰਪੁਰ ਵਿਚ ਹੋਣ ਦੇ ਸ਼ੰਕੇ ਸਨ ਅਤੇ ਪੰਜਾਬ ਪੁਲੀਸ ਨੇ ਇੱਕ ਇਨੋਵਾ ਗੱਡੀ ਦਾ ਪਿੱਛਾ ਵੀ ਕੀਤਾ ਸੀ। ਅੱਜ ਅੰਮ੍ਰਿਤਸਰ, ਜਲੰਧਰ ਅਤੇ ਹੁਸ਼ਿਆਰਪੁਰ ਵਿਚ ਚੱਪੇ ਚੱਪੇ 'ਤੇ ਪੁਲੀਸ ਲਾਈ ਹੋਈ ਹੈ। ਚਰਚੇ ਚੱਲਦੇ ਰਹੇ ਕਿ ਅੰਮ੍ਰਿਤਪਾਲ ਆਤਮ-ਸਮਰਪਣ ਕਰ ਸਕਦਾ ਹੈ।

# 348 ਸਿੱਖ ਨੌਜਵਾਨ ਰਿਹਾਅ ਕੀਤੇ

ਸਫ਼ਾ 3 ਦੀ ਬਾਕੀ

ਵੱਲੋਂ 24 ਘੰਟਿਆਂ ਵਿਚ ਬੇਕਸੂਰ ਨੌਜਵਾਨਾਂ ਨੂੰ ਰਿਹਾਅ ਕਰਨ ਲਈ ਦਿੱਤੇ ਗਏ ਅਲਟੀਮੇਟਮ ਸਮੇਂ ਕੌਮੀ ਸੁਰੱਖਿਆ ਐਕਟ ਨੂੰ ਹਟਾਉਣ ਲਈ ਵੀ ਆਖਿਆ ਗਿਆ ਸੀ। ਉੱਧਰ ਦੂਜੇ ਪਾਸੇ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਵੱਲੋਂ ਪੁਲੀਸ ਅੱਗੇ ਆਤਮ ਸਮਰਪਣ ਕੀਤੇ ਜਾਣ ਦੀ ਚਰਚਾ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਸਖ਼ਤ ਸੁਰੱਖਿਆ ਦੇ ਪ੍ਰਬੰਧ ਕੀਤੇ ਗਏ। ਦਰਬਾਰ ਸਾਹਿਬ ਨੂੰ ਆਉਣ ਵਾਲੇ ਰਾਹਾਂ 'ਤੇ ਪੁਲੀਸ ਬਲ ਤਾਇਨਾਤ ਕੀਤਾ ਗਿਆ ਅਤੇ ਵਿਰਾਸਤੀ ਮਾਰਗ 'ਤੇ ਵਾਹਨਾਂ ਦੀ ਆਵਾਜਾਈ ਵੀ ਰੋਕੀ ਗਈ। ਇਸ ਦੌਰਾਨ ਪੁਲੀਸ ਕਮਿਸ਼ਨਰ ਵੀ ਦਰਬਾਰ ਸਾਹਿਬ ਪੁੱਜੇ, ਪਰ ਉਨ੍ਹਾਂ ਕਿਹਾ ਕਿ ਉਹ ਨਿੱਜੀ ਤੌਰ 'ਤੇ ਗੁਰੂ ਘਰ ਵਿਖੇ ਨਤਮਸਤਕ ਹੋਣ ਲਈ ਆਏ ਹਨ। ਅੰਮ੍ਰਿਤਪਾਲ ਸਿੰਘ ਵੱਲੋਂ ਪੁਲੀਸ ਅੱਗੇ ਆਤਮ ਸਮਰਪਣ ਕੀਤੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਇਸ ਬਾਰੇ ਪੁਲੀਸ ਕੋਲ ਕੋਈ ਜਾਣਕਾਰੀ ਨਹੀਂ ਹੈ। ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਵਧੇਰੇ ਪੁਲੀਸ ਬਲ ਤਾਇਨਾਤ ਕੀਤੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਅਜਿਹਾ ਨਰਾਤਿਆਂ ਦੇ ਤਿਉਹਾਰ ਨੂੰ ਧਿਆਨ ਵਿੱਚ ਰੱਖ ਕੇ ਲੋਕਾਂ ਦੀ ਸੁਰੱਖਿਆ ਵਾਸਤੇ ਕੀਤਾ ਗਿਆ ਹੈ। ਡੀਸੀਪੀ ਪਰਮਿੰਦਰ ਸਿੰਘ ਭੰਡਾਲ ਨੇ ਆਖਿਆ ਕਿ ਟਰੈਫਿਕ ਪੁਲੀਸ ਵੱਲੋਂ ਸੜਕਾਂ ਤੋਂ ਨਾਜਾਇਜ਼ ਕਬਜ਼ੇ ਹਟਾਏ ਜਾ ਰਹੇ ਹਨ ਤਾਂ ਜੋ ਆਵਾਜਾਈ ਨੂੰ ਸੁਚਾਰੂ ਬਣਾਇਆ ਜਾ ਸਕੇ। ਇਸ ਲਈ ਵਧੇਰੇ ਪੁਲੀਸ ਸੜਕਾਂ 'ਤੇ ਹੈ। ਭਾਵੇਂ ਪੁਲੀਸ ਅਧਿਕਾਰੀਆਂ ਵੱਲੋਂ ਅੰਮ੍ਰਿਤਪਾਲ ਸਿੰਘ ਦੇ ਸਮਰਪਣ ਕੀਤੇ ਜਾਣ ਦੀ ਚਰਚਾ ਬਾਰੇ ਕੋਈ ਹਾਂ-ਪੱਖੀ ਸੰਕੇਤ ਨਹੀਂ ਦਿੱਤਾ ਗਿਆ ਪਰ ਖੁਫੀਆ ਏਜੰਸੀਆਂ ਵੱਲੋਂ ਉਸ ਦੇ ਸਮਰਪਣ ਕੀਤੇ ਜਾਣ ਦੀ ਸੰਭਾਵਨਾ ਨੂੰ ਸਹੀ ਦੱਸਿਆ ਜਾ ਰਿਹਾ ਹੈ। ਇਸ ਦੌਰਾਨ ਅੰਮ੍ਰਿਤਪਾਲ ਸਿੰਘ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਜਨਤਕ ਹੋਈ ਹੈ, ਜਿਸ ਵਿੱਚ ਉਸ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਵਿਸਾਖੀ ਮੌਕੇ ਸਰਬੱਤ ਖਾਲਸਾ ਸੱਦਣ ਲਈ ਅਪੀਲ ਕੀਤੀ ਹੈ।








WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers,
Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM





# ਨਿਊਯਾਰਕ ਨਿਵਾਸੀ ਬਲਦੇਵ ਸਿੰਘ ਗਰੇਵਾਲ ਦਾ ਨਵ ਪ੍ਰਕਾਸ਼ਿਤ ਨਾਵਲ 'ਇਕ ਹੋਰ ਪੁਲ ਸਰਾਤ' ਰਿਲੀਜ਼

ਸਰੀ (ਹਰਦਮ ਮਾਨ)-ਨਿਊਯਾਰਕ ਨਿਵਾਸੀ ਬਲਦੇਵ ਸਿੰਘ ਗਰੇਵਾਲ ਦੇ ਨਵ ਪ੍ਰਕਾਸ਼ਿਤ ਨਾਵਲ 'ਇਕ ਹੋਰ ਪੁਲ ਸਰਾਤ' ਦੇ ਰਿਲੀਜ਼ ਸਮਾਗਮ ਦੌਰਾਨ ਪਿਛਲੇ ਚਾਰ ਦਹਾਕਿਆਂ ਵਿਚ ਆਏ ਉਤਰਾ-ਚੜ੍ਹਾਅ ਅਤੇ ਪੰਜਾਬੀਆਂ ਜਾਂ ਹੋਰ ਸੂਬਿਆਂ ਦੇ ਪਰਵਾਸ ਵੱਲ ਵਧਦੇ ਕਦਮਾਂ ਨੂੰ ਬਿਆਨ ਕਰਦਾ ਇਹ ਨਾਵਲ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਡਾ. ਸੁਰਜੀਤ ਪਾਤਰ, ਡਾ. ਹਰਜੀਤ (ਦੂਰਦਰਸ਼ਨ), ਡਾ. ਤੇਜਿੰਦਰ ਕੌਰ, ਹੈਲਿਨਾ, ਗਿਆਨ ਸਿੰਘ, ਡਾ. ਗੁਰਇਕਬਾਲ ਸਿੰਘ, ਸੰਦੀਪ ਸ਼ਰਮਾ, ਅਮਰਜੀਤ ਸਿੰਘ ਗਰੇਵਾਲ ਅਤੇ ਸਤੀਸ਼ ਗੁਲਾਟੀ ਨੇ ਸਾਂਝੇ ਤੌਰ 'ਤੇ ਰੀਲੀਜ਼ ਕੀਤਾ? ਚੇਤਨਾ ਪ੍ਰਕਾਸ਼ਨ ਵੱਲੋਂ ਪੰਜਾਬੀ ਸਾਹਿਤ ਅਕਾਡਮੀ ਦੇ ਸਹਿਯੋਗ ਨਾਲ ਕਰਵਾਏ ਗਏ ਪੰਜਾਬੀ ਭਵਨ ਲੁਧਿਆਣਾ ਵਿਖੇ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਨਾਵਲ 'ਤੇ ਬੋਲਦਿਆਂ ਸਭ ਵਿਦਵਾਨਾਂ ਨੇ ਕੁਝ ਵੱਖਰੇ ਅਨੁਭਵ ਸਾਂਝੇ ਕੀਤੇ? ਜ਼ਿਲ੍ਹਾ ਭਾਸ਼ਾ ਅਫ਼ਸਰ ਸੰਦੀਪ ਸ਼ਰਮਾ ਨੇ ਨਾਵਲ 'ਇਕ ਹੋਰ ਪੁਲ ਸਰਾਤ' ਬਾਰੇ ਵਿਸਥਾਰ ਸਹਿਤ ਬੋਲਦਿਆਂ ਕਿਹਾ ਕਿ ਗ਼ੈਰ ਕਾਨੂੰਨੀ ਢੰਗ ਨਾਲ ਇੰਮੀਗਰੇਸ਼ਨ ਏਜੰਸੀਆਂ ਦੇ ਬਹਿਕਾਵੇ ਵਿਚ ਆ ਕੇ ਜੋ ਲੋਕ ਅਮਰੀਕਾ ਜਾਂ ਹੋਰ ਦੇਸ਼ਾਂ ਵਿਚ ਜਾਣ ਦੀ ਕੋਸ਼ਿਸ਼ ਕਰਦੇ ਹਨ ਜਾਂ ਜਾਂਦੇ ਹਨ, ਜੋ ਦੁੱਖ ਤਕਲੀਫ਼ਾਂ ਉਨ੍ਹਾਂ ਨੂੰ ਝੱਲਣੀਆਂ ਪੈਂਦੀਆਂ ਹਨ, ਸੁਖਜੀਤ ਸਿੰਘ ਦੇ ਪਾਤਰ ਰਾਹੀਂ ਜਾਂ ਆਰਿਫ਼ ਫੁੰਮਣ ਸਿੰਘ, ਅੰਮ੍ਰਿਤਾ ਵਰਗੇ ਅਨੇਕਾਂ ਪਾਤਰਾਂ ਰਾਹੀਂ ਜੋ ਬਿਆਨ ਗਹਿਰਾਈ ਵਿੱਚ ਲੇਖਕ ਨੇ ਕੀਤਾ ਹੈ ਉਹ ਕਾਬਿਲੇ ਤਾਰੀਫ਼ ਹੈ? ਨਾਵਲ ਦਾ ਕਥਾਰਸ ਏਨਾ ਸ਼ਕਤੀਸ਼ਾਲੀ ਹੈ ਕਿ ਰੌਂਗਟੇ ਖੜ੍ਹੇ ਕਰਦਾ ਹੈ ਤੇ ਵਿੱਚੋਂ ਛੱਡਣ ਨੂੰ ਮਨ ਨਹੀਂ ਕਰਦਾ? ਡਾ. ਗੁਰਇਕਬਾਲ ਨੇ ਨਾਵਲ ਬਾਰੇ ਬਾਬੇ ਕੇ ਜਾਂ ਬਾਬਰ ਕੇ ਦੇ ਪ੍ਰਤੀਕਾਂ ਰਾਹੀਂ ਪ੍ਰਸ਼ਨ ਖੜ੍ਹੇ ਕੀਤੇ? ਡਾ. ਤੇਜਿੰਦਰ ਕੌਰ ਨੇ ਕਿਹਾ ਕਿ ਨਾਵਲ ਦੇ ਪਾਤਰਾਂ ਬਾਰੇ ਬਿਆਨ ਅਤੇ ਲੇਖਕ ਦਾ ਖ਼ੂਬਸੂਰਤ ਵਰਨਣ ਨਾਵਲ ਵਿਚ ਕਸ਼ਿਸ਼ ਪੈਦਾ ਕਰਦਾ ਹੈ? ਪਾਠਕ ਨਾਵਲ ਖ਼ਤਮ ਕੀਤੇ ਬਿਨਾਂ ਰਹਿ ਨਹੀਂ ਸਕਦਾ? ਇਹ ਹੀ ਨਾਵਲ ਦੀ ਪ੍ਰਾਪਤੀ ਹੈ? ਅਮਰਜੀਤ ਸਿੰਘ ਗਰੇਵਾਲ ਨੇ ਪੰਜਾਬ ਸੰਕਟ ਨਾਲ ਸਬੰਧਤ ਮੁਸ਼ਕਿਲਾਂ ਦਾ ਬਾਖ਼ੂਬੀ ਬਿਆਨ ਕੀਤਾ ਕਿ ਕਿਉਂ ਲੋਕ ਬਾਹਰ ਵੱਲ ਰੁਚਿਤ ਹੁੰਦੇ ਹਨ? ਨਾਵਲ ਬਾਰੇ ਡਾ. ਹਰਜੀਤ (ਦੂਰਦਰਸ਼ਨ) ਨੇ ਸਿਨੇਮਾ ਅਤੇ ਨਾਵਲ ਦੇ ਸੰਦਰਭ ਵਿਚ ਪਹਿਲ ਦਿੰਦਿਆਂ ਕਿਹਾ ਕਿ ਸਾਹਿਤਕ ਰਚਨਾਵਾਂ ਤੇ ਬਹੁਤ ਘੱਟ ਫ਼ਿਲਮਾਂ ਹੋਂਦ ਵਿਚ ਆਉਂਦੀਆਂ ਹਨ, ਕਿਉਂਕਿ ਉੱਥੇ ਪਹਿਲਾਂ ਵਿਉਪਾਰ ਦੇਖਿਆ ਜਾਂਦਾ ਹੈ ਅਤੇ ਬਾਅਦ ਵਿਚ ਕਹਾਣੀ ਜਾਂ ਨਾਵਲ? ਬਹੁਤ ਘੱਟ ਸਮੇਂ ਵਿਚ ਹੀ ਡਾ. ਸੋਮਪਾਲ ਅਤੇ ਉਸ ਦੀ ਜੀਵਨ ਸਾਥਣ ਕਮਲ ਨੇ ਨਾਵਲ ਦੇ ਦੋ ਕਾਂਡਾਂ ਤੇ ਆਧਾਰਿਤ ਪੰਦਰਾਂ ਮਿੰਟ ਦੀ ਨਾਟਕੀ ਪੇਸ਼ਕਾਰੀ ਕਰ ਕੇ ਸਰੋਤਿਆਂ ਦਾ ਧਿਆਨ ਆਪਣੇ ਵੱਲ ਖਿੱਚਣ 'ਚ ਕਾਮਯਾਬੀ ਹਾਸਲ ਕੀਤੀ? ਹੈਲਿਨਾ ਨੇ ਜਰਮਨੀ ਭਾਸ਼ਾ ਵਿਚ ਬਲਦੇਵ ਸਿੰਘ ਗਰੇਵਾਲ ਬਾਰੇ ਚਾਨਣਾ ਪਾਇਆ, ਜਿਸ ਦਾ ਅਨੁਵਾਦ ਗਿਆਨ ਸਿੰਘ ਨੇ ਬਾਖ਼ੂਬੀ ਕੀਤਾ ਕਿ ਹੈਲਿਨਾ ਨੇ ਪੰਜਾਬੀ ਰਵਾਇਤ ਤੋਂ ਵੱਖਰੇ ਮਹਿਸੂਸਦਿਆਂ ਜਿਵੇਂ ਗੁਰਬਾਣੀ ਦੀ ਤੁਕ ਹੈ, 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤੁ' ਦੇ ਵਾਕ ਨੂੰ ਆਪਣੀ ਹਿੰਮਤ ਸਦਕਾ ਸੱਚਾ ਤੇ ਸੁੱਚਾ ਸ੍ਰੀ ਗੁਰੂ ਨਾਨਕ ਦੇਵ ਵੱਲੋਂ ਦਰਸਾਇਆ ਵਾਤਾਵਰਣ ਫਿਰ ਨਵੇਂ ਸਿਰੇ ਤੋਂ ਪੰਜਾਬ ਦੇ ਵਿਚ ਉਸਾਰ ਕੇ ਇਕ ਵੱਖਰੀ ਕਿਸਮ ਦਾ ਰੋਲ ਅਦਾ ਕੀਤਾ ਹੈ? ਜਰਨੈਲ ਸਿੰਘ ਸੇਖਾ ਨੇ ਗ਼ੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ਾਂ ਵਿਚ ਜਾਣ ਦੀ ਵਧ ਰਹੀ ਰੁਚੀ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ? ਡਾ. ਸੁਰਜੀਤ ਪਾਤਰ ਨੇ ਬਲਦੇਵ ਸਿੰਘ ਗਰੇਵਾਲ ਦੇ ਨਾਵਲ 'ਇਕ ਹੋਰ ਪੁਲ ਸਰਾਤ' ਨੂੰ ਹਿੰਮਤ, ਦਲੇਰੀ ਨਾਲ ਲਿਖਿਆ ਨਾਵਲ ਕਿਹਾ ਤੇ ਨਾਲ ਨਾਲ ਪੰਜਾਬ ਦੇ ਸੰਕਟ, ਪਰਵਾਸ ਵੱਲ ਵਧ ਰਹੀਆਂ ਰੁਚੀਆਂ ਬਾਰੇ ਪਿਛਲੇ ਸੌ ਸਾਲਾਂ ਵਿਚ ਚੱਲੇ ਅੰਦੋਲਨਾਂ ਬਾਰੇ ਵੀ ਬਾਖ਼ੂਬੀ ਬਿਆਨ ਕੀਤਾ? ਹਿੰਸਾਮਈ ਅੰਦੋਲਨਾਂ ਦਾ ਹਸ਼ਰ ਹੁੰਦਾ ਵੀ ਦੱਸਿਆ ਤੇ ਸ਼ਾਂਤਮਈ ਅੰਦੋਲਨ ਜਿਵੇਂ ਕਿ ਗੁਰਦਵਾਰਾ ਲਹਿਰ ਅਤੇ ਕਿਸਾਨ ਅੰਦੋਲਨ ਨੂੰ ਮਿਲੇ ਭਰਵੇਂ ਹੁੰਗਾਰੇ ਦਾ ਵੱਖਰਾ ਬਿਆਨ ਕੀਤਾ? ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਪ੍ਰੋ. ਰਵਿੰਦਰ ਭੱਠਲ, ਪ੍ਰੋ. ਗੁਰਭਜਨ ਗਿੱਲ, ਸਰਬਜੀਤ ਸਿੰਘ ਮਾਨ (ਟੋਰਾਂਟੋ), ਡਾ. ਦਵਿੰਦਰਜੀਤ ਸਿੰਘ ਜੀਤਲਾ (ਅਸਟਰੇਲੀਆ), ਅਸ਼ਵਨੀ ਜੇਤਲੀ, ਮਾਸਟਰ ਹਰੀਸ਼, ਬਲਕੌਰ ਸਿੰਘ, ਡਾ. ਸੰਦੀਪ ਕੌਰ ਸੇਖੋਂ, ਸੁਰਿੰਦਰ ਕੌਰ, ਇੰਦਰਜੀਤ ਪਾਲ ਕੌਰ ਭਿੰਡਰ, ਤ੍ਰੈਲੋਚਨ ਲੋਚੀ, ਰਾਜਦੀਪ ਸਿੰਘ ਤੂਰ, ਹਰਜਿੰਦਰ ਸਹਿਜਲ, ਸਾਜਨ, ਕਰਨ, ਸੁਮੀਤ ਗੁਲਾਟੀ, ਗੁਰਪ੍ਰੀਤ ਸਿੰਘ, ਮਨਦੀਪ ਜੋਗੀ ਤੋਂ ਇਲਾਵਾ ਅਮਰਜੀਤ ਸ਼ੇਰਪੁਰੀ ਅਤੇ ਹੋਰ ਸਰੋਤੇ ਹਾਜ਼ਰ ਸਨ? ਸਮਾਗਮ ਦਾ ਸੰਚਾਲਨ ਸ਼ਾਇਰ ਸਤੀਸ਼ ਗੁਲਾਟੀ ਨੇ ਬਾਖ਼ੂਬੀ ਕੀਤਾ?

NAIYA GILL
PROFESSIONAL LAW CORPORATION
"Each Client Matters"




· Buying, Selling & Refinance of Real Estate (Residential & Commercial)
· Estate Planning
· Wills, Estates
· Representation Agreements
· Legal Aid · Immigration
· Commercial Lease
· Incorporation of Business
· Corporate Maintenance
· Buying or Selling a Business
· Family Law
· Sponsorship Letters
· Notary
· Power of Attorney

· ਪ੍ਰਾਪਰਟੀ ਖਰੀਦਣ, ਵੇਚਣ ਜਾਂ ਰਿਫਾਇਨਾਂਸ (ਰੈਜ਼ੀਡੈਂਸ਼ਿਅਲ ਅਤੇ ਕਮਰਸ਼ਿਅਲ)
· ਜਾਇਦਾਦ ਦੀ ਪਲੈਨਿੰਗ
· ਵਸੀਅਤ, ਜਾਇਦਾਦ
· ਰਿਪ੍ਰੈਜ਼ੰਨਟੇਸ਼ਨ ਸਮਝੌਤੇ
· ਕਾਨੂੰਨੀ ਸਹਾਇਤਾ
· ਇਮੀਗ੍ਰੇਸ਼ਨ · ਵਪਾਰਕ ਲੀਜ਼
· ਇਨਕਾਰਪੋਰਸ਼ਨ
· ਕਾਰਪੋਰੇਟ ਮੇਨਟੇਨੈਂਸ
· ਕੋਈ ਕਾਰੋਬਾਰ ਖਰੀਦਣਾ ਜਾਂ ਵੇਚਣਾ
· ਫੈਮਿਲੀ ਲਾਅ
· ਸਪਾਂਸਰਸ਼ਿਪ ਲੈਟਰਜ਼
· ਨੌਟਰੀ · ਪਾਵਰ ਆਫ ਅਟਾਰਨੀ

Appointments available in Surrey, White Rock & Abbotsford.
604.771.3089
info@ngplc.ca www.ngplc.ca

# ਐਸ.ਐਫ.ਯੂ. ਦੇ ਬਰਨਬੀ ਕੈਂਪਸ ਵਿਚ ਸਥਾਪਿਤ ਮਹਾਤਮਾ ਗਾਂਧੀ ਦੇ ਬੁੱਤ ਦਾ ਸਿਰ ਲਾਹਿਆ

ਸਰੀ (ਹਰਦਮ ਮਾਨ)-ਸੋਮਵਾਰ ਰਾਤ ਨੂੰ ਸਾਈਮਨ ਫਰੇਜ਼ਰ ਯੂਨੀਵਰਸਿਟੀ ਵੈਨਕੂਵਰ ਦੇ ਬਰਨਬੀ ਕੈਂਪਸ ਵਿੱਚ ਸਥਾਪਿਤ ਮਹਾਤਮਾ ਗਾਂਧੀ ਦੇ ਕਾਂਸੀ ਦੇ ਬੁੱਤ ਨਾਲ ਛੇੜਛਾੜ ਕਰਕੇ ਕਿਸੇ ਨੇ ਬੁੱਤ ਉੱਪਰੋਂ ਸਿਰ ਵੱਖ ਕਰ ਦਿੱਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਬਰਨਬੀ ਆਰਸੀਐਮਪੀ ਦੇ ਕਾਰਪੋਰਲ ਮਾਈਕ ਕਲੰਜ ਨੇ ਦੱਸਿਆ ਹੈ ਕਿ ਸੋਮਵਾਰ ਨੂੰ ਰਾਤ 8:30 ਵਜੇ ਦੇ ਕਰੀਬ ਪੁਲਿਸ ਨੂੰ ਬੁਲਾਇਆ ਗਿਆ ਸੀ ਅਤੇ ਪੁਲਿਸ ਨੇ ਜਾ ਕੇ ਦੇਖਿਆ ਕਿ ਕਿਸੇ ਨੇ ਐਸਐਫਯੂ ਦੇ ਪੀਸ ਸਕੁਆਇਰ ਵਿੱਚ ਜਾਣਬੁੱਝ ਕੇ ਭੰਨਤੋੜ ਦੀ ਕਾਰਵਾਈ ਕੀਤੀ ਹੈ। ਪੁਲਿਸ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਗਵਾਹਾਂ ਅਤੇ ਨਿਗਰਾਨੀ ਵੀਡੀਓ ਦੀ ਭਾਲ ਕੀਤੀ ਜਾ ਰਹੀ ਹੈ। ਮਾਈਕ ਕਲੰਜ ਨੇ ਇੱਕ ਨਿਊਜ਼ ਰੀਲੀਜ਼ ਵਿੱਚ ਕਿਹਾ ਕਿ ਇਹ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਕਿ ਭੰਨ-ਤੋੜ ਕਦੋਂ ਹੋਈ ਪਰ ਇਹ ਮੰਨਿਆ ਜਾ ਰਿਹਾ ਹੈ ਕਿ ਇਸ ਵਿਚ ਕਿਸੇ ਪਾਵਰ ਟੂਲ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਬਰਨਬੀ ਆਰਸੀਐਮਪੀ ਨੂੰ ਪਤਾ ਹੈ ਕਿ ਪਿਛਲੇ ਸਮੇਂ ਵਿੱਚ ਕੈਨੇਡਾ ਦੇ ਹੋਰਨਾਂ ਖੇਤਰਾਂ ਵਿੱਚ ਮਹਾਤਮਾ ਗਾਂਧੀ ਦੀਆਂ ਮੂਰਤੀਆਂ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ। ਪੁਲਿਸ ਇਸ ਘਟਨਾ ਦੇ ਸਾਰੇ ਪਹਿਲੂਆਂ ਨੂੰ ਦੇਖ ਰਹੀ ਹੈ। ਇਸੇ ਦੌਰਾਨ ਵੈਨਕੂਵਰ ਵਿੱਚ ਭਾਰਤੀ ਕੌਂਸਲੇਟ ਜਨਰਲ ਨੇ ਸੋਮਵਾਰ ਨੂੰ ਐਸਐਫਯੂ ਦੇ ਬਰਨਬੀ ਕੈਂਪਸ ਵਿੱਚ ਮਹਾਤਮਾ ਗਾਂਧੀ ਦੀ ਯਾਦਗਾਰ ਦੀ ਮੂਰਤੀ ਦੀਆਂ ਭੰਨਤੋੜ ਦੀਆਂ ਰਿਪੋਰਟਾਂ ‘ਤੇ ਸਖ਼ਤ ਪ੍ਰਤੀਕਿਰਿਆ ਜ਼ਾਹਰ ਕੀਤੀ ਹੈ। ਕੌਂਸਲੇਟ ਜਨਰਲ ਨੇ ਇਕ ਟਵੀਟ ਰਾਹੀਂ ਕਿਹਾ ਹੈ ਕਿ ਸ਼ਾਂਤੀ ਦੇ ਹਾਮੀ ਮਹਾਤਮਾ ਗਾਂਧੀ ਦੇ ਬੁੱਤ ਨੂੰ ਤੋੜਨ ਦੇ ਘਿਨਾਉਣੇ ਅਪਰਾਧ ਦੀ ਸਖ਼ਤ ਨਿੰਦਿਆ ਕੀਤੀ ਹੈ। ਉਨ੍ਹਾਂ ਕੈਨੇਡੀਅਨ ਅਧਿਕਾਰੀਆਂ ਨੂੰ ਇਸ ਮਾਮਲੇ ਦੀ ਤੁਰੰਤ ਜਾਂਚ ਕਰਨ ਅਤੇ ਦੋਸ਼ੀਆਂ ਨੂੰ ਜਲਦੀ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਦੀ ਅਪੀਲ ਕੀਤੀ ਹੈ।



### ਮਾਮਲੇ ਦੀ ਪੁਲਿਸ ਵਲੋਂ ਜਾਂਚ

ਸਰੀ-ਮਹਾਤਮਾ ਗਾਂਧੀ ਦੇ ਬੁੱਤ ਦਾ ਸਿਰ ਕਲਮ ਕਰਨ ਦੇ ਮਾਮਲੇ ਦੀ ਪੁਲਿਸ ਜਾਂਚ ਕਰ ਰਹੀ ਹੈ। ਬਰਨਬੀ ਪੁਲਿਸ ਨੇ ਦੱਸਿਆ ਕਿ ਇਸ ਹਫ਼ਤੇ ਦੇ ਸ਼ੁਰੂ ਵਿਚ ਸਾਈਮਨ ਫ੍ਰੇਜ਼ਰ ਯੂਨੀਵਰਸਿਟੀ ਵਿਖੇ ਮਹਾਤਮਾ ਗਾਂਧੀ ਦੇ ਕਾਂਸੀ ਦੇ ਬੁੱਤ ਦਾ ਸਿਰ ਲਾਹੁਣ ਲਈ ਕਿਸੇ ਪਾਵਰ ਟੂਲ ਦੀ ਵਰਤੋਂ ਕੀਤੇ ਹੋਣ ਦੀ ਸੰਭਾਵਨਾ ਹੈ। ਕਿਸੇ ਵਿਅਕਤੀ ਨੇ 27 ਮਾਰਚ ਨੂੰ ਸ਼ਾਮ 8.30 ਵਜੇ ਡਿਟੈਚਮੈਂਟ ਨੂੰ ਮੂਰਤੀ ਦੀ ਤੋੜ ਫੋੜ ਕਰਨ ਬਾਰੇ ਜਾਣਕਾਰੀ ਦਿੱਤੀ। ਆਰਸੀਐਮਪੀ ਨੇ ਦੱਸਿਆ ਕਿ ਉਹ ਆਪਣੀ ਜਾਂਚ ਦੇ ਅਜੇ ਮੁੱਢਲੇ ਪੜਾਅ ਵਿਚ ਹਨ ਅਤੇ ਇਸ ਗੱਲ ਦੀ ਜਾਣਕਾਰੀ ਨਹੀਂ ਕਿ ਬੁੱਤ ਦਾ ਸਿਰ ਕਦੋਂ ਲਾਹਿਆ ਗਿਆ ਪਰ ਲਗਦਾ ਹੈ ਕਿ ਕਾਂਸੀ ਨੂੰ ਕੱਟਣ ਲਈ ਪਾਵਰ ਟੂਲ ਦੀ ਵਰਤੋਂ ਕੀਤੀ ਹੈ।

# ਅਪ੍ਰੈਲ ਦੇ ਪਹਿਲੇ ਹਫ਼ਤੇ ਰਿਲੀਜ਼ ਹੋਵੇਗਾ ਸਿੱਧੂ ਮੂਸੇ ਵਾਲਾ ਦਾ ਨਵਾਂ ਗੀਤ

ਚੰਡੀਗੜ੍ਹ-ਸਿੱਧੂ ਮੂਸੇ ਵਾਲਾ ਦੇ ਚਾਹੁਣ ਵਾਲਿਆਂ ਲਈ ਚੰਗੀ ਖ਼ਬਰ ਹੈ। ਸਿੱਧੂ ਦਾ ਨਵਾਂ ਗੀਤ ਅਪ੍ਰੈਲ ਦੇ ਪਹਿਲੇ ਹਫ਼ਤੇ ‘ਚ ਰਿਲੀਜ਼ ਹੋਣ ਜਾ ਰਿਹਾ ਹੈ। ਜੀ ਹਾਂ, ਤੁਸੀਂ ਸਹੀ ਪੜ੍ਹਿਆ। ਸਿੱਧੂ ਮੂਸੇ ਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਖ਼ੁਦ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਗੀਤ ਕੋਈ ਲੀਕ ਗੀਤ ਨਹੀਂ ਹੋਵੇਗਾ ਤੇ ਨਾ ਹੀ ਇਸ ਗੀਤ ਨੂੰ ਹੁਣ ਤਕ ਕਿਸੇ ਵੀ ਕਲਾਕਾਰ ਵਲੋਂ ਕਿਸੇ ਕੰਸਰਟ ‘ਚ ਚਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਇਕ ਬਿਲਕੁਲ ਨਵਾਂ ਗੀਤ ਹੈ, ਜਿਸ ਨੂੰ ਅਲੱਗ ਤੋਂ ਰਿਕਾਰਡ ਕਰਕੇ ਰੱਖਿਆ ਗਿਆ ਸੀ। ਗੀਤ ਦੀ ਵੀਡੀਓ ਵੀ ਬਣੀ ਹੋਈ ਹੈ। ਇਸ ਖ਼ਬਰ ਤੋਂ ਬਾਅਦ ਸਿੱਧੂ ਦੇ ਪ੍ਰਸ਼ੰਸਕਾਂ ‘ਚ ਉਤਸ਼ਾਹ ਭਰ ਗਿਆ ਹੈ। ਕਈ ਮਹੀਨਿਆਂ ਤੋਂ ਸਿੱਧੂ ਦਾ ਕੋਈ ਨਵਾਂ ਗੀਤ ਰਿਲੀਜ਼ ਨਹੀਂ ਹੋਇਆ ਹੈ।



# ਤਿਲਕ ਲਾਉਣ ਵਾਲੇ ਅਤੇ ਕੇਸ-ਰਹਿਤ (ਮੋਨੇ) ਵੀ ਸਿੱਖ ਹੋ ਸਕਦੇ ਹਨ-ਠਾਕੁਰ ਦਲੀਪ ਸਿੰਘ

ਸਰੀ (ਹਰਦਮ ਮਾਨ)-ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਨੇ ਕਿਹਾ ਕਿ ਸਿੱਖ ਪੰਥ ਨੂੰ ਘਟਾਉਣ ਵਾਸਤੇ ਕੂੜ ਪ੍ਰਚਾਰ ਕੀਤਾ ਗਿਆ ਹੈ ਕਿ ਤਿਲਕ ਲਾਉਣ ਵਾਲੇ, ਕੇਸ ਰਹਿਤ (ਮੋਨੇ) ਸਿੱਖ ਨਹੀਂ ਹੋ ਸਕਦੇ। ਸੱਚਾਈ ਤਾਂ ਇਹ ਹੈ ਕਿ ਤਿਲਕ ਲਾਉਣ ਵਾਲੇ, ਕੇਸ ਰਹਿਤ ਵੀ ਸਿੱਖ ਹੋ ਸਕਦੇ ਹਨ; ਜੇ ਉਹ ਸਿੱਖ ਗੁਰੂ ਸਾਹਿਬਾਨ ਉੱਪਰ ਸ਼ਰਧਾ ਰੱਖਣ। ਪਰੰਤੂ, ਮੋਨੇ ਕੇਸ ਰਹਿਤ ਲੋਕ ਅੰਮ੍ਰਿਤਧਾਰੀ ਖਾਲਸੇ ਨਹੀਂ ਹੋ ਸਕਦੇ; ਕਿਉਂਕਿ ਉਹਨਾਂ ਨੇ ਅੰਮ੍ਰਿਤ ਪਾਨ ਕਰਕੇ ਖਾਲਸਾਈ ਮਰਿਆਦਾ ਧਾਰਨ ਨਹੀਂ ਕੀਤੀ। ਇਕ ਸੰਦੇਸ਼ ਰਾਹੀਂ ਉਨ੍ਹਾਂ ਕਿਹਾ ਹੈ ਕਿ “ਅੰਮ੍ਰਿਤਧਾਰੀ ਖ਼ਾਲਸਾ ਪੰਥ ਤਾਂ ਸਮੁੱਚੇ ਸਿੱਖ ਪੰਥ ਦਾ ਇੱਕ ਸ੍ਰੇਸ਼ਟ-ਅੰਗ ਹੈ। ਪਰੰਤੂ, ਪੂਰਾ ਸਿੱਖ ਪੰਥ: ਸਿਰਫ਼ “ਅੰਮ੍ਰਿਤਧਾਰੀ ਖ਼ਾਲਸਾ“ ਹੀ ਨਹੀਂ; ਸਿੱਖ ਪੰਥ ਤਾਂ ਸਾਰੀਆਂ ਗੁਰੂ ਨਾਨਕ-ਪੰਥੀ ਸੰਪਰਦਾਵਾਂ ਨੂੰ ਮਿਲਾ ਕੇ ਬਣਦਾ ਹੈ। ਬਾਕੀ ਸਿੱਖ ਸੰਪਰਦਾਵਾਂ ਵਾਂਗ ਅੰਮ੍ਰਿਤਧਾਰੀ ਖਾਲਸਾ ਵੀ ਇੱਕ ਸਿੱਖ ਸੰਪਰਦਾ ਹੀ ਹੈ। ਗੁਰਦੁਆਰਾ ਐਕਟ ਵਿੱਚ ਲਿਖੀ ਹੋਈ ਸਿੱਖ ਦੀ ਪਰਿਭਾਸ਼ਾ, ਕੇਵਲ ਗੁਰਦਵਾਰਾ ਚੋਣਾਂ ਨਾਲ ਸੰਬੰਧਿਤ ਹੈ। ਪਰੰਤੂ, ਇਹ ਪਰਿਭਾਸ਼ਾ ਗੁਰੂ ਆਸ਼ੇ ਤੋਂ ਵਿਰੁੱਧ ਹੈ। ਠਾਕੁਰ ਦਲੀਪ ਸਿੰਘ ਨੇ ਆਪਣੀ ਗੱਲ ਨੂੰ ਸਪੱਸ਼ਟ ਕਰਦੇ ਹੋਏ ਆਖਿਆ ਹੈ ਕਿ ਗੁਰੂ ਸਾਹਿਬਾਨ ਦੇ ਵੇਲੇ ਵੀ ਸਿੱਖ ਤਿਲਕ ਲਾਉਂਦੇ ਸਨ ਅਤੇ ਸਤਿਗੁਰੂ ਜੀ ਆਪ ਵੀ ਕਈ ਵਾਰੀ ਤਿਲਕ ਲਾਉਂਦੇ ਸਨ। ਤਿਲਕ ਲਾਉਣ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹੈ ਰਾਮਦਾਸ ਸੋਢੀ ਤਿਲਕੁ ਦੀਆ। ਭਾਈ ਗੁਰਦਾਸ ਜੀ ਅਨੁਸਾਰ: ਗੁਰੂ ਜੀ ਦੀ ਹਜ਼ੂਰੀ ਵਿਚ, ਸੰਗਤ ਵਿੱਚ ਬੈਠਣ ਵਾਲੇ ਸਿੱਖ ਤਿਲਕ ਲਾਉਂਦੇ ਸੀ ਮਥੈ ਟਿਕੇ ਲਾਲ ਲਾਇ ਸਾਧਸੰਗਤਿ ਚਲਿ ਜਾਇ ਬਹੰਦੇ। ਇਸ ਕਰਕੇ, ਤਿਲਕ ਲਾਇਆਂ; ਕੋਈ ਸਿੱਖ ਤੋਂ ਹਿੰਦੂ ਨਹੀਂ ਬਣ ਜਾਂਦਾ ਉਨ੍ਹਾਂ ਕਿਹਾ ਕਿ ਜੋ ਸੱਜਣ ਇਹ ਕਹਿੰਦੇ ਹਨ ਕਿ ਕੇਸ ਰਹਿਤ (ਮੋਨੇ) ਜਾਂ/ਅਤੇ ਤਿਲਕ ਲਾਉਣ ਵਾਲੇ ਲੋਕ ਸਿੱਖ ਨਹੀਂ ਹਨ; ਉਹ ਸੱਜਣ ਭੋਲੇ ਹਨ, ਜਾਂ ਸਿੱਖ ਪੰਥ ਵਿਰੋਧੀ ਹਨ। ਕਿਉਂਕਿ, ਗੁਰੂ ਗ੍ਰੰਥ ਸਾਹਿਬ ਜੀ ਵਿੱਚ ਤਾਂ ਕਿਧਰੇ ਵੀ ਨਹੀਂ ਲਿਖਿਆ ਕਿ ਕੇਸ ਰਹਿਤ ਜਾਂ ਤਿਲਕ ਲਾਉਣ ਵਾਲਾ ਸਿੱਖ ਨਹੀਂ ਹੋ ਸਕਦਾ। ਸਤਿਗੁਰੂ ਨਾਨਕ ਦੇਵ ਜੀ ਉੱਤੇ ਸ਼ਰਧਾ ਰੱਖਣ ਵਾਲਾ ਹਰ ਪ੍ਰਾਣੀ ਸਿੱਖ ਹੈ; ਭਾਵੇਂ ਉਹ ਮੋਨਾ ਹੈ, ਭਾਵੇਂ ਉਹ ਤਿਲਕ ਲਾਉਂਦਾ ਹੈ ਕਿਉਂਕਿ, ਸਿੱਖੀ ਤਾਂ ਸ਼ਰਧਾ ਨਾਲ ਹੈ ‘ਸਤਿਗੁਰ ਕੀ ਨਿਤ ਸਰਧਾ ਲਾਗੀ ਮੋਕਉ’। ਸਮੁੱਚੀ ਗੁਰਬਾਣੀ ਵਿੱਚ, ਕਿਤੇ ਵੀ ਸਿੱਖ ਦਾ ਕੋਈ ਵੀ ਬਾਹਰਲਾ ਸਰੂਪ ਅਤੇ ਪਹਿਰਾਵਾ ਨਿਰਧਾਰਿਤ ਨਹੀਂ ਕੀਤਾ ਗਿਆ ਅਤੇ ਨਾ ਹੀ ਕੋਈ ਚਿੰਨ੍ਹ ਜਾਂ ਪਹਿਰਾਵਾ ਧਾਰਨ ਕਰਨ ਤੋਂ ਮਨਾਹੀ ਕੀਤੀ ਗਈ ਹੈ। ਇਸ ਲਈ, ਹਰ ਮੋਨਾ ਹਿੰਦੂ ਨਹੀਂ; ਹਰ ਕੇਸਾਧਾਰੀ ਸਿੱਖ ਨਹੀਂ।













NOW OPEN
Sachkhand Travels Pvt Ltd
AIR TICKETS
HOLIDAY PACKAGES
FOREIGN EXCHANGE
27 Years INDUSTRY EXPERIENCE
NOW OPENED IN SURREY
SUITE 343, 9850 KING GEORGE
SURREY, BC, CANADA
Email : jaideep@sachkhandtravels.com
EXCLUSIVE DISCOUNTS FOR FLIGHTS
Sachkhand Travels Pvt Ltd
India 2 Offices: +91 11 4505 2828
Mob.: +91- 98116 97488
Sachkhand Travels Ltd
Canada: +1 778 965 2828
+1 778 955 2828
CONSUMER PROTECTION BC
IATA
Since 1997 India


Bank Turndown? Could be just what you need!
Quick Private Funds
$10,000 to $1 Million in just 24 Hours
Up to $5 Million Available
invis
Canada's Mortgage Experts™
Call today to get started
SANJEEV KATYAL
604.767.5194
Info@katyalmortgage.ca
WWW.KATYALMORTGAGE.CA


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਰਾਘਵ-ਪਰਨੀਤੀ ਦੇ ਵਿਆਹ ਦੇ ਚਰਚੇ



ਆਮ ਆਦਮੀ ਪਾਰਟੀ ਤੋਂ ਰਾਜ ਸਭਾ ਸਾਂਸਦ ਰਾਘਵ ਚੱਢਾ ਤੇ ਐਕਟ੍ਰੈਸ ਪਰਨੀਤੀ ਜਲਦ ਮੰਗਣੀ ਕਰ ਸਕਦੇ ਹਨ। ਰਿਪੋਰਟ ਮੁਤਾਬਕ ਰਾਘਵ ਤੇ ਪਰਣੀਤੀ ਇਕ-ਦੂਜੇ ਨੂੰ ਪਸੰਦ ਕਰਦੇ ਹਨ। ਉਨ੍ਹਾਂ ਦਾ ਪਰਿਵਾਰ ਵੀ ਇਕ-ਦੂਜੇ ਨੂੰ ਪਸੰਦ ਕਰਦਾ ਹੈ। ਰਾਘਵ-ਪਰਨੀਤੀ ਨੂੰ ਹੁਣੇ ਜਿਹੇ ਮੁੰਬਈ ਦੇ ਇਕ ਰੈਸਟੋਰੈਂਟ ਵਿਚ ਦੇਖਿਆ ਗਿਆ ਸੀ। ਦੋਵਾਂ ਨੇ ਇਕੱਠੇ ਲੰਚ ਤੇ ਡਿਨਰ ਕੀਤਾ ਸੀ। ਹੁਣ ਇਸ ਨੂੰ ਲੈ ਕੇ ਚਰਚਾ ਹੈ ਕਿ ਦੋਵੇਂ ਇਕ-ਦੂਜੇ ਨੂੰ ਡੇਟ ਕਰ ਰਹੇ ਹਨ। ਦੋਵਾਂ ਦੇ ਪਰਿਵਾਰਕ ਮੈਂਬਰ ਆਪਣੇ ਕੰਮ ਵਿਚ ਬਿਜ਼ੀ ਹਨ। ਇਸ ਲਈ ਤਰੀਖ ਦੇ ਐਲਾਨ ਵਿਚ ਸਮਾਂ ਲੱਗ ਰਿਹਾ ਹੈ। ਇਸ ਸਬੰਧੀ ਚਰਚਾ ਹੋ ਰਹੀ ਹੈ ਤੇ ਜਲਦ ਐਲਾਨ ਹੋ ਸਕਦਾ ਹੈ। ਮਿਲੀ ਜਾਣਕਾਰੀ ਮੁਤਾਬਕ ਦੋਵੇਂ ਉਦੋਂ ਤੋਂ ਇਕ ਦੂਜੇ ਨੂੰ ਜਾਣਦੇ ਹਨ ਜਦੋਂ ਉਹ ਇੰਗਲੈਂਡ ਵਿਚ ਪੜ੍ਹਾਈ ਕਰ ਰਹੇ ਸਨ। ਪਰਣੀਤੀ ਨੇ ਮੈਨਚੈਸਟਰ ਬਿਜ਼ਨੈੱਸ ਸਕੂਲ ਵਿਚ ਪੜ੍ਹਾਈ ਕੀਤੀ ਹੈ ਜਦੋਂ ਕਿ ਰਾਘਵ ਨੇ ਲੰਦਨ ਸਕੂਲ ਆਫ ਇਕਨਾਮਿਕਸ ਵਿਚ ਪੜ੍ਹਾਈ ਕੀਤੀ। ਪਰਨੀਤੀ ਤੇ ਰਾਘਵ ਨੂੰ ਇੰਗਲੈਂਡ ਵਿਚ 'ਚ 'ਭਾਰਤ ਯੂਕੇ ਆਊਟਸਟੈਂਡਿੰਗ ਅਚੀਵਰ ਆਨਰਸ' ਦੇ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਈਵੈਂਟ ਵਿਚ 75 ਲੋਕਾਂ ਨੂੰ ਐਵਾਰਡ ਦਿੱਤਾ ਗਿਆ ਸੀ। ਜਦੋਂ ਰਾਘਵ ਚੱਡਾ ਤੋਂ ਇਸ ਮੁਲਾਕਾਤ ਬਾਰੇ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਨੇ ਇਸ ਨੂੰ ਟਾਲ ਦਿੱਤਾ। ਰਾਘਵ ਜਦੋਂ ਸੰਸਦ ਤੋਂ ਬਾਹਰ ਆ ਰਹੇ ਸਨ ਤਾਂ ਉਸ ਸਮੇਂ ਮੀਡੀਆ ਨੇ ਉਨ੍ਹਾਂ ਤੋਂ ਪਰਨੀਤੀ ਬਾਰੇ ਸਵਾਲ ਕੀਤਾ ਤਾਂ ਉਨ੍ਹਾਂ ਕਿਹਾ ਕਿ ਤੁਸੀਂ ਮੇਰੇ ਕੋਲੋਂ ਸਿਆਸਤ ਬਾਰੇ ਸਵਾਲ ਕਰੋ, ਪਰਨੀਤੀ ਬਾਰੇ ਨਹੀਂ। ਦੱਸ ਦੇਈਏ ਕਿ ਰਾਘਵ ਚੱਢਾ ਪੰਜਾਬ ਤੋਂ ਰਾਜ ਸਭਾ ਸਾਂਸਦ ਹਨ। ਉਹ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸਲਾਹਕਾਰ ਤੇ ਦਿੱਲੀ ਦੇ ਸੀਐੱਮ ਅਰਵਿੰਦ ਕੇਜਰੀਵਾਲ ਦੇ ਕਾਫੀ ਖਾਸ ਮੰਨੇ ਜਾਂਦੇ ਹਨ। ਉਹ ਪੇਸ਼ੇ ਤੋਂ ਚਾਰਟਰਡ ਅਕਾਊਂਟੈਂਟ ਹਨ।



## ਰਾਘਵ ਚੱਢਾ ਨਾਲ ਵਿਆਹ ਦੇ ਸਵਾਲ 'ਤੇ ਸ਼ਰਮਾਈ ਪਰਿਨੀਤੀ

ਅਦਾਕਾਰਾ ਪਰਿਨੀਤੀ ਚੋਪੜਾ ਨੂੰ ਜਦੋਂ 'ਆਪ' ਆਗੂ ਰਾਘਵ ਚੱਢਾ ਨਾਲ ਉਨ੍ਹਾਂ ਦੇ ਵਿਆਹ ਦੀਆਂ ਖ਼ਬਰਾਂ ਬਾਰੇ ਪੁੱਛਿਆ ਗਿਆ ਤਾਂ ਅਦਾਕਾਰਾ ਸ਼ਰਮਾ ਕੇ ਹੱਸ ਪਈ। ਇਕ ਸਮਾਗਮ ਦੌਰਾਨ ਵਾਪਸੀ ਵੇਲੇ ਜਦੋਂ ਪੱਤਰਕਾਰਾਂ ਨੇ ਅਦਾਕਾਰਾ ਨੂੰ ਇਹ ਸਵਾਲ ਕੀਤਾ ਤਾਂ ਉਹ ਹਲਕੀ ਮੁਸਕੁਰਾਹਟ ਦਿੰਦਿਆਂ ਆਪਣੀ ਕਾਰ ਵਿੱਚ ਜਾ ਬੈਠੀ। ਜਦੋਂ ਇਕ ਵਾਰ ਮੁੜ ਪੱਤਰਕਾਰਾਂ ਵੱਲੋਂ ਪਰਿਨੀਤੀ ਨੂੰ ਵਿਆਹ ਸਬੰਧੀ ਮਿਲ ਰਹੀਆਂ ਖ਼ਬਰਾਂ ਦੀ ਸੱਚਾਈ ਪੁੱਛੀ ਤਾਂ ਅਦਾਕਾਰਾ ਨੇ ਮੁਸਕੁਰਾਉਂਦਿਆਂ ਹਾਮੀ ਭਰ ਦਿੱਤੀ। ਇਸ ਤੋਂ ਬਾਅਦ ਪੁੱਛੇ ਗਏ ਸਵਾਲਾਂ ਦੇ ਜਵਾਬ ਵਿੱਚ ਪਰਿਨੀਤੀ "ਧੰਨਵਾਦ...ਸ਼ੁਭ ਰਾਤਰੀ." ਕਹਿ ਕੇ ਚਲੀ ਗਈ। ਜ਼ਿਕਰਯੋਗ ਹੈ ਕਿ ਅਦਾਕਾਰਾ ਛੇਤੀ ਹੀ ਫਿਲਮ 'ਚਮਕੀਲਾ' ਵਿੱਚ ਦਿਖਾਈ ਦੇਵੇਗੀ, ਜਿਸ ਦਾ ਨਿਰਦੇਸ਼ਨ ਇਮਤਿਆਜ਼ ਅਲੀ ਵੱਲੋਂ ਕੀਤਾ ਗਿਆ ਹੈ। ਇਸ ਫਿਲਮ ਵਿੱਚ ਪਰਿਨੀਤੀ ਦੇ ਨਾਲ ਦਿਲਜੀਤ ਦੋਸਾਂਝ ਵੀ ਪ੍ਰਮੁੱਖ ਭੂਮਿਕਾ ਵਿੱਚ ਨਜ਼ਰ ਆਵੇਗਾ। ਇਹ ਫਿਲਮ ਪੰਜਾਬੀ ਦੀ ਉੱਘੀ ਗਾਇਕ ਜੋੜੀ ਅਮਰਜੋਤ ਕੌਰ ਤੇ ਅਮਰ ਸਿੰਘ ਚਮਕੀਲਾ ਦੇ ਜੀਵਨ 'ਤੇ ਆਧਾਰਿਤ ਹੈ।

EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515
Dr. Anjanpal Kaur Bhalla



SUNNY SANGHA • PERSONAL REAL ESTATE CORPORATION

14317 31A AVENUE, SURREY




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

#92 15111 EDMUND DRIVE



Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

UNIT 2808 13615 FRASER HWY




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

LOT B 20444 46A AVENUE, LANGLEY




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

LOT A 33734 MAYFAIR AVENUE, SURREY

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA
CENTURY 21
Ram Johal
604-356-5555



www.sunnysangha.com | info@sunnysangha.com



# .ਗ਼ਜ਼ਲ ਮੰਚ ਸਰੀ ਵੱਲੋਂ ਪੰਜਾਬੀ ਕਵਿੱਤਰੀ ਪਰਮਜੀਤ ਦਿਓਲ ਨਾਲ ਵਿਸ਼ੇਸ਼ ਮਿਲਣੀ

ਸਰੀ (ਹਰਦਮ ਮਾਨ)-ਗ਼ਜ਼ਲ ਮੰਚ ਸਰੀ ਵੱਲੋਂ ਬਰੈਂਪਟਨ ਤੋਂ ਆਈ ਪੰਜਾਬੀ ਸ਼ਾਇਰਾ ਪਰਮਜੀਤ ਦਿਓਲ ਨਾਲ ਇਕ ਵਿਸ਼ੇਸ਼ ਮਿਲਣੀ ਕੀਤੀ ਗਈ। ਮੰਚ ਵੱਲੋਂ ਪਰਮਜੀਤ ਦਿਓਲ ਦਾ ਸਵਾਗਤ ਕਰਦਿਆਂ ਮੰਚ ਦੇ ਸਕੱਤਰ ਦਵਿੰਦਰ ਗੌਤਮ ਨੇ ਕਿਹਾ ਕਿ ਪਰਮਜੀਤ ਦਿਓਲ ਸਾਹਿਤ ਦੇ ਵੱਖ ਵੱਖ ਰੂਪਾਂ ਵਿਚ ਆਪਣੀ ਕਲਾ ਦਾ ਇਜ਼ਹਾਰ ਕਰ ਰਹੀ ਹੈ। ਉਹ ਸੁੱਚੇ ਅਹਿਸਾਸਾਂ ਦੀ ਸ਼ਾਇਰਾ ਹੈ ਜੋ ਆਪਣੇ ਮਨ ਦੀਆਂ ਭੋਲੀਆਂ-ਭਾਲੀਆਂ ਸੰਵੇਦਨਾਵਾਂ ਨੂੰ ਕਵਿਤਾ, ਗੀਤ ਜਾਂ ਗ਼ਜ਼ਲ ਦੇ ਦਿਲਕਸ਼ ਲਿਬਾਸ ਪੇਸ਼ ਕਰਦੀ ਹੈ ਅਤੇ ਆਪਣੀ ਸ਼ਾਇਰੀ ਰਾਹੀਂ ਜ਼ਿੰਦਗੀ ਦੀਆਂ ਤੰਗੀਆਂ-ਤੁਰਸ਼ੀਆਂ, ਤਲਖ਼ੀਆਂ ਨੂੰ ਦੂਰ ਕਰਕੇ ਮਨੁੱਖੀ ਜ਼ਿੰਦਗੀ ਨੂੰ ਹੋਰ ਖ਼ੂਬਸੂਰਤ ਬਣਾਉਣਾ ਲੋਚਦੀ ਹੈ। ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਪਰਮਜੀਤ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਉਸ ਦੀ ਕਵਿਤਾ ਵਿਚ ਯੁੱਗਾਂ ਤੋਂ ਸੰਤਾਪੀ ਸਰਾਪੀ ਨਾਰੀ ਦੇ ਸਰੋਕਾਰ, ਸੂਲਾਂ ਵਿੰਨ੍ਹੀਆਂ ਫੁਲਕਾਰੀਆਂ ਓੜ੍ਹ ਕੇ ਪਾਠਕਾਂ ਦੇ ਰੂਬਰੂ ਹੁੰਦੇ ਹਨ। ਉਸ ਦੀ ਸ਼ਾਇਰੀ ਨਾਰੀ ਦੀਆਂ ਨਿੱਤ ਕੁਚਲੀਆਂ ਜਾਂਦੀਆਂ ਰੀਝਾਂ ਤੇ ਖੁਰਦੇ ਸੁਪਨਿਆਂ ਦੇ ਸੰਸਾਰ ਦੀਆਂ ਪਰਤਾਂ ਬੜੀ ਸਹਿਜਤਾ ਨਾਲ ਖੋਹਲਦੀ ਹੈ। ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ, ਰਾਜਵੰਤ ਰਾਜ, ਹਰਦਮ ਮਾਨ ਅਤੇ ਪ੍ਰੀਤ ਮਨਪ੍ਰੀਤ ਨੇ ਪਰਮਜੀਤ ਦਿਓਲ ਨੂੰ ਖੁਸ਼ਆਮਦੀਦ ਕਹਿੰਦਿਆਂ ਆਖਿਆ ਕਿ ਪਰਮਜੀਤ ਦੀ ਸ਼ਾਇਰੀ ਰਾਹੀਂ ਸੱਚੇ-ਸੁੱਚੇ ਅਹਿਸਾਸ ਪ੍ਰਗਟ ਹੁੰਦੇ ਹਨ ਅਤੇ ਅੰਬਰਾਂ ਵਿੱਚ ਉਡਾਰੀਆਂ ਲਾਉਣ ਦੀ ਰੀਝ ਝਲਕਦੀ ਹੈ। ਇਸ ਮੌਕੇ ਗ਼ਜ਼ਲ ਮੰਚ ਸਰੀ ਵੱਲੋਂ ਪਰਮਜੀਤ ਦਿਓਲ ਦਾ ਸਨਮਾਨ ਕੀਤਾ ਗਿਆ। ਪਰਮਜੀਤ ਦਿਓਲ ਨੇ ਇਸ ਮਾਣ ਸਨਮਾਨ ਲਈ ਮੰਚ ਦੇ ਸਾਰੇ ਸ਼ਾਇਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਮੇਰੇ ਲਈ ਬਹੁਤ ਹੀ ਹੁਸੀਨ ਪਲ ਹਨ ਜਦੋਂ ਮੈਂ ਪੰਜਾਬੀ ਦੇ ਮਾਣਮੱਤੇ ਗ਼ਜ਼ਲਗੋਆਂ ਦੇ ਰੂਬਰੂ ਹੋ ਰਹੀ ਹਾਂ। ਉਸ ਨੇ ਆਪਣੀ ਸ਼ਾਇਰੀ ਦੇ ਕੁਝ ਚੋਣਵੇਂ ਰੰਗਾਂ ਨਾਲ ਸ਼ਾਇਰਾਂ ਦੀ ਮਹਿਫ਼ਿਲ ਨੂੰ ਸ਼ਿੰਗਾਰਿਆ-



ਕਦੇ ਸੀ ਜੋੜਿਆ ਖ਼ੁਦ ਨੂੰ ਕਦੇ ਸੀ ਤੋੜਿਆ ਮੈਂ
ਤੇ ਏਦਾਂ ਆਪਣਾ ਬੁੱਤ ਆਪ ਹੀ ਸੀ ਭੋਰਿਆ ਮੈਂ
ਖਿੜੇ ਇਕ ਫੁੱਲ ਚੰਮੇਲੀ ਦਾ ਤੇਰੇ ਵਿਹੜੇ 'ਚ ਸੱਜਣਾ
ਕਦੇ ਕੁਝ ਏਸ ਤੋਂ ਵਧ ਕੇ ਨਹੀਂ ਹੈ ਲੋੜਿਆ ਮੈਂ

–

ਬੜਾ ਕੁਝ ਹੈ ਮਨਾਂ ਅੰਦਰ ਸਮਾਂ ਆਇਆ ਤਾਂ ਦੱਸਾਂਗੇ
ਹੈ ਕਿਸ ਨੇ ਖੋਭਿਆ ਖੰਜਰ ਸਮਾਂ ਆਇਆ ਤਾਂ ਦੱਸਾਂਗੇ
ਬਿਨਾਂ ਪਾਣੀ ਅਸਾਡੇ ਸਾਹਮਣੇ ਬਿਰਹਣ ਦੇ ਹੰਝੂਆਂ ਨਾਲ
ਹਰੇ ਹੋਏ ਕਿਵੇਂ ਬੰਜਰ ਸਮਾਂ ਆਇਆ ਤਾਂ ਦੱਸਾਂਗੇ

–

ਉਨ੍ਹਾਂ ਨੂੰ ਕਹੋ ਮਘਣ ਦੇਣ ਸਾਡੇ ਚੁੱਲ੍ਹੇ
ਬੁਝੇ ਚੁੱਲ੍ਹਿਆਂ ਦਾ ਸਰਾਪ
ਉਨ੍ਹਾਂ ਦੀ ਹਰ ਪੀੜ੍ਹੀ ਲਈ ਸਿਸਕੀਆਂ ਬਣ ਸਕਦੈ

ਇਸ ਮਹਿਫ਼ਿਲ ਵਿਚ ਸ਼ਾਇਰ ਜਸਵਿੰਦਰ, ਦਵਿੰਦਰ ਗੌਤਮ, ਰਾਜਵੰਤ ਰਾਜ, ਕ੍ਰਿਸ਼ਨ ਭਨੋਟ ਅਤੇ ਪ੍ਰੀਤ ਮਨਪ੍ਰੀਤ ਨੇ ਵੀ ਆਪਣਾ ਖ਼ੂਬਸੂਰਤ ਕਲਾਮ ਪੇਸ਼ ਕੀਤਾ। ਇਸ ਮਿਲਣੀ ਵਿਚ ਮੰਚ ਦੇ ਸ਼ਾਇਰਾਂ ਤੋਂ ਇਲਾਵਾ ਸਾਹਿਤ ਅਤੇ ਸਭਿਆਚਾਰ ਨਾਲ ਗੂੜ੍ਹਾ ਸਬੰਧ ਰੱਖਣ ਵਾਲੀਆਂ ਕੁਝ ਸ਼ਖ਼ਸੀਅਤਾਂ ਵੀ ਸ਼ਾਮਲ ਹੋਈਆਂ ਜਿਨ੍ਹਾਂ ਵਿਚ ਲਾਹੌਰ ਦੀ ਪੰਜਾਬ ਯੂਨੀਵਰਸਿਟੀ ਤੋਂ ਆਏ ਪ੍ਰੋ. ਫਰੀਦ, ਭੁਪਿੰਦਰ ਮੱਲ੍ਹੀ, ਕਾਮਰੇਡ ਨਵਰੂਪ ਸਿੰਘ ਅਤੇ ਡਾ. ਸੁਖਵਿੰਦਰ ਵਿਰਕ ਸ਼ਾਮਲ ਸਨ।




# ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਦੇ ਪ੍ਰਬੰਧਕੀ ਬੋਰਡ ਦੀ ਚੋਣ

## ਰਿਵਰਸਾਈਡ ਫਿਊਨਰਲ ਹੋਮ ਵਿਕਣ ਵਾਲੀਆਂ ਅਫਵਾਹਾਂ ਵਿਚ ਕੋਈ ਸੱਚਾਈ ਨਹੀਂ-ਸੁਰਿੰਦਰ ਸਿੰਘ ਜੱਬਲ

ਸਰੀ (ਹਰਦਮ ਮਾਨ)-ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਅਤੇ ਫਾਈਵ ਰਿਵਰਜ਼ ਮੈਨੇਜਮੈਂਟ ਦੇ ਪ੍ਰਬੰਧਕੀ ਬੋਰਡ ਦੀ ਚੋਣ 26 ਮਾਰਚ 2023 ਨੂੰ ਹੋਈ ਜਿਸ ਵਿਚ ਸਾਰੇ ਡਾਇਰੈਕਟਰ ਸਰਬਸੰਮਤੀ ਨਾਲ ਚੁਣੇ ਗਏ ਅਤੇ ਇਹ ਨਵੇਂ ਚੁਣੇ ਗਏ ਬੋਰਡ ਮੈਂਬਰਜ ਪਹਿਲੀ ਅਪ੍ਰੈਲ ਤੋਂ ਚਾਰਜ ਸੰਭਾਲ ਲੈਣਗੇ। ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨੇ ਦੱਸਿਆ ਹੈ ਕਿ ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਵਿਚ ਇਸ ਸਮੇਂ ਵੈਨਕੂਵਰ ਇਲਾਕੇ ਦੀਆਂ 12 ਧਾਰਮਿਕ ਸੁਸਾਇਟੀਆਂ ਅਤੇ ਸਹਿਯੋਗੀਆਂ ਸਣੇ ਕੁਲ ਮਿਲਾ ਕੇ 57 ਡੈਲੀਗੇਟ ਹਨ। ਅਰੰਭ ਵਿਚ ਇਸ ਸੰਸਥਾ ਦਾ ਮੁੱਖ ਮੰਤਵ ਆਪਣੀ ਕਮਿਊਨਿਟੀ ਵੱਲੋਂ ਆਪਣਾ ਫਿਊਨਰਲ ਹੋਮ (ਸਸਕਾਰ ਘਰ) ਬਣਾਉਣਾ ਤੇ ਚਲਾਉਣਾ ਸੀ ਜੋ ਜੂਨ 2002 ਤੋਂ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਚ 7410 ਹੌਪਕੋਟ ਸਟਰੀਟ ਤੇ ਚੱਲ ਰਿਹਾ ਹੈ ਜਿਥੇ ਕਿ ਆਪਣੇ ਸਨੇਹੀਆਂ ਦਾ ਅੰਤਮ ਸੰਸਕਾਰ ਆਪਣੀਆਂ ਧਾਰਮਿਕ ਰਹੁਰੀਤਾਂ ਨਾਲ ਸੰਭਾਵੀ ਝੱਲਣਯੋਗ ਖਰਚੇ ਨਾਲ ਹੋ ਜਾਂਦਾ ਹੈ। ਸ. ਜੱਬਲ ਨੇ ਕਿਹਾ ਹੈ ਕਿ ਪਿਛਲੇ ਸਮੇਂ ਵਿਚ ਕਈ ਅਫਵਾਹਾਂ ਸੁਨਣ ਨੂੰ ਮਿਲੀਆਂ ਕਿ ਰਿਵਰਸਾਈਡ ਫੀਊਨਰਲ ਹੋਮ (ਸਸਕਾਰ ਘਰ) ਵਿਕ ਗਿਆ ਹੈ, ਜਿਹਨਾਂ ਵਿਚ ਕੋਈ ਸੱਚਾਈ ਨਹੀਂ। ਉਨ੍ਹਾਂ ਯਕੀਨ ਦੁਆਇਆ ਹੈ ਕਿ ਕਮਿਉਨਿਟੀ ਦਾ ਆਪਣਾ ਸਸਕਾਰ-ਘਰ ਮੈਨੇਜਮੈਂਟ ਅਤੇ ਯੋਗ ਲਾਇਸੰਸਸ਼ੁਦਾ ਸਟਾਫ ਵੱਲੋਂ ਨਿਯਮਬੱਧ ਤਰੀਕੇ ਨਾਲ ਚਲਾਇਆ ਜਾ ਰਿਹਾ ਹੈ। ਜਿਸ ਵਿਚ ਪਹਿਲ ਦੇ ਅਧਾਰ ਤੇ ਬਿਨਾਂ ਪੱਖਪਾਤ ਤੋਂ ਸਸਕਾਰ ਦਾ ਸਮਾਂ ਤਹਿ ਕੀਤਾ ਜਾਂਦਾ ਹੈ। ਪਰ ਪਿਛਲੇ 20 ਸਾਲਾਂ ਵਿਚ ਆਬਾਦੀ ਵਧਣ ਕਰਕੇ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਚ ਸਸਕਾਰ ਕਰਨ ਲਈ ਇਕ ਹਫਤੇ ਤੋਂ ਵੱਧ ਸਮਾਂ ਲੱਗਣ ਲੱਗ ਪਿਆ ਹੈ ਜਿਸ ਕਰਕੇ ਹੋਰ ਪ੍ਰਾਈਵੇਟ ਸਸਕਾਰ ਘਰ ਮਜਬੂਰਨ ਲੱਭਣਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਸ਼ਕਿਲ ਨੂੰ ਹੱਲ ਕਰਨ ਲਈ ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਨੇ ਸਰੀ ਵਿਚ 168 ਸਟਰੀਟ ਤੇ 9280-9350 ਬਲਾਕ ਵਿਚ ਇਕ ਹੋਰ ਰਿਵਰਸਾਈਡ ਫਿਊਨਰਲ ਹੋਮ ਸਰੀ ਬਨਾਉਣ ਦਾ ਪ੍ਰੋਗਰਾਮ ਉਲੀਕਿਆ ਹੈ ਜੋ ਕਿ ਆਉਂਦੇ ਸਾਲਾਂ ਵਿਚ ਹੋਂਦ ਵਿਚ ਆ ਜਾਵੇਗਾ। ਇਸ ਸੰਬੰਧੀ ਪਿਛਲੇ ਸਾਲ ਤੋਂ ਆਰਕੀਟੈਕਟ ਅਤੇ ਇੰਜਨੀਅਰਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਦੂਸਰਾ ਸਸਕਾਰ-ਘਰ (ਰਿਵਰਸਾਈਡ ਫਿਊਨਰਲ ਹੋਮ) ਸਰੀ ਵਿਚ ਬਨਾਉਣ ਲਈ ਪੂਰੀ ਤਨਦੇਹੀ ਨਾਲ ਵਚਨਵੱਧ ਹੈ।



### ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਦੇ ਨਵੇਂ ਚੁਣੇ ਗਏ ਅਹੁਦੇਦਾਰ

ਪ੍ਰਧਾਨ - ਲੈਂਬਰ ਰਾਓ, ਸੀਨੀਅਰ ਮੀਤ ਪ੍ਰਧਾਨ - ਸੁਖਵੰਤ ਸਿੰਘ ਤੱਖਰ, ਮੀਤ ਪ੍ਰਧਾਨ -ਡਾ. ਪ੍ਰੀਤੀ ਮਿਸਰਾ

ਜਨਰਲ ਸਕੱਤਰ - ਜੁਗਿੰਦਰ ਸਿੰਘ ਸੁੰਨੜ, ਰੀਕਾਰਡਿੰਗ ਸਕੱਤਰ-ਕਰਨੈਲ ਸਿੰਘ ਸਿਹੋਤਾ, ਜੁਆਇੰਟ ਸਕੱਤਰ - ਕਿਰਪਾਲ ਸਿੰਘ ਪਿੰਜਲ, ਖਜ਼ਾਨਚੀ-ਅਵਤਾਰ ਸਿੰਘ ਢਿਲੋਂ, ਜੁਆਇੰਟ ਖਜ਼ਾਨਚੀ-ਜੋਗਰਾਜ ਸਿੰਘ ਨਿੱਝਰ, ਪੀ.ਆਰ.ਓ.-ਅਮਰੀਕ ਸਿੰਘ ਨਿੱਝਰ, ਇੰਟਰਨਲ ਔਡੀਟਰ-ਤਰਸੇਮ ਸਿੰਘ ਬੰਗਾ, ਔਡਿਟ ਕਮੇਟੀ ਮੈਂਬਰ-ਹਰਭਜਨ ਸਿੰਘ ਅਟਵਾਲ ਤੇ ਸੋਹਨ ਸਿੰਘ ਮਾਂਗਟ।

ਫਾਈਵ ਰਿਵਰਜ਼ ਮੈਨੇਜਮੈਂਟ ਸਰਵਿਸਜ਼ ਸੁਸਾਇਟੀ ਦੇ ਨਵੇਂ ਚੁਣੇ ਗਏ ਅਹੁਦੇਦਾਰ-

ਪ੍ਰਧਾਨ- ਲੈਂਬਰ ਰਾਓ, ਮੀਤ ਪ੍ਰਧਾਨ-ਬਲਬੀਰ ਸਿੰਘ ਪਰਹਾਰ, ਜਨਰਲ ਸਕੱਤਰ-ਜੁਗਿੰਦਰ ਸਿੰਘ ਸੁੰਨੜ, ਜੁਆਇੰਟ ਸਕੱਤਰ-ਲਖਬੀਰ ਸਿੰਘ ਖੰਗੂਰਾ, ਖਜ਼ਾਨਚੀ-ਅਵਤਾਰ ਸਿੰਘ ਢਿਲੋਂ, ਜੁਆਇੰਟ ਖਜ਼ਾਨਚੀ-ਜੋਗਿੰਦਰ ਸਿੰਘ ਗਿੱਲ, ਇੰਟਰਨਲ ਔਡੀਟਰ-ਸੁਰਿੰਦਰ ਸਿੰਘ ਜੱਬਲ।


ROHITA PANNU
LAW CORPORATION
BARRISTER & SOLICITOR






SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8


# ਜਰਮਨੀ ਨੇ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਰੱਦ ਕਰਨ ਦਾ ਨੋਟਿਸ ਲਿਆ

ਨਵੀਂ ਦਿੱਲੀ-ਰਾਹੁਲ ਗਾਂਧੀ ਨੂੰ ਲੋਕ ਸਭਾ ਦੀ ਮੈਂਬਰਸ਼ਿਪ ਤੋਂ ਅਯੋਗ ਠਹਿਰਾਏ ਜਾਣ ਦਾ ਜਰਮਨੀ ਨੇ ਨੋਟਿਸ ਲਿਆ ਹੈ। ਜਰਮਨੀ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਪ੍ਰੈੱਸ ਨਾਲ ਗੱਲਬਾਤ ਦੌਰਾਨ ਕਿਹਾ, "ਅਸੀਂ ਭਾਰਤ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਖ਼ਿਲਾਫ਼ ਫੈਸਲੇ ਤੇ ਉਨ੍ਹਾਂ ਦੀ ਸੰਸਦ ਦੀ ਮੈਂਬਰਸ਼ਿਪ ਮੁਅੱਤਲ ਕੀਤੇ ਜਾਣ ਦਾ ਨੋਟਿਸ ਲਿਆ ਹੈ।" ਤਰਜਮਾਨ ਨੇ ਕਿਹਾ, "ਸਾਡੀ ਜਾਣਕਾਰੀ ਮੁਤਾਬਕ, ਗਾਂਧੀ ਫ਼ੈਸਲੇ ਨੂੰ ਚੁਣੌਤੀ ਦੇ ਸਕਦੇ ਹਨ। ਉਦੋਂ ਇਹ ਸਪੱਸ਼ਟ ਹੋਵੇਗਾ ਕਿ ਕੀ ਇਹ ਫ਼ੈਸਲਾ ਟਿਕ ਸਕੇਗਾ ਅਤੇ ਕੀ ਮੁਅੱਤਲੀ ਦਾ ਕੋਈ ਆਧਾਰ ਹੈ?" ਤਰਜਮਾਨ ਨੇ ਕਿਹਾ ਕਿ ਜਰਮਨੀ ਨੂੰ ਆਸ ਹੈ ਕਿ 'ਨਿਆਂਇਕ ਆਜ਼ਾਦੀ ਦੇ ਮਾਪਦੰਡ ਅਤੇ ਬੁਨਿਆਦੀ ਲੋਕਤੰਤਰੀ ਸਿਧਾਂਤ' ਇੱਕੋ ਬਰਾਬਰ ਰਾਹੁਲ ਗਾਂਧੀ ਖ਼ਿਲਾਫ਼ ਕਾਰਵਾਈ 'ਤੇ ਲਾਗੂ ਹੋਣਗੇ। ਇਸੇ ਦੌਰਾਨ ਦੋਵੇਂ ਪ੍ਰਮੁੱਖ ਪਾਰਟੀਆਂ ਨੇ ਇਸ ਮੁੱਦੇ 'ਤੇ ਇਕ-ਦੂਜੇ 'ਤੇ ਨਵੇਂ ਸਿਰਿਓਂ ਦੋਸ਼ ਲਗਾਏ ਹਨ। ਭਾਜਪਾ ਨੇ ਅੱਜ ਕਾਂਗਰਸ 'ਤੇ ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਦੇਣ ਲਈ 'ਵਿਦੇਸ਼ੀ ਸ਼ਕਤੀਆਂ ਨੂੰ ਸੱਦਾ ਦੇਣ' ਦਾ ਦੋਸ਼ ਲਗਾਇਆ ਤਾਂ ਵਿਰੋਧੀ ਪਾਰਟੀ ਨੇ ਮੋੜਵਾਂ ਹਮਲਾ ਕਰਦੇ ਹੋਏ ਕਿਹਾ ਕਿ ਭਾਜਪਾ ਅਡਾਨੀ ਮੁੱਦੇ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਭਾਜਪਾ ਨੇ ਕਾਂਗਰਸ 'ਤੇ ਉਸ ਵੇਲੇ ਨਿਸ਼ਾਨਾ ਸੇਧਿਆ ਜਦੋਂ ਸੀਨੀਅਰ ਕਾਂਗਰਸੀ ਆਗੂ ਦਿਗਵਿਜੈ ਸਿੰਘ ਨੇ ਜਰਮਨੀ ਦੇ ਵਿਦੇਸ਼ ਮੰਤਰਾਲੇ ਦਾ ਧੰਨਵਾਦ ਕੀਤਾ। ਦਿਗਵਿਜੈ ਸਿੰਘ ਨੇ ਟਵੀਟ ਕੀਤਾ, "ਰਾਹੁਲ ਗਾਂਧੀ ਨੂੰ ਪ੍ਰੇਸ਼ਾਨ ਕਰ ਕੇ ਭਾਰਤ ਵਿੱਚ ਲੋਕਤੰਤਰ ਨਾਲ ਸਮਝੌਤਾ ਕੀਤਾ ਜਾ ਰਿਹਾ ਹੈ ਅਤੇ ਇਸ ਦਾ ਨੋਟਿਸ ਲੈਣ ਲਈ ਜਰਮਨੀ ਦੇ ਵਿਦੇਸ਼ ਮੰਤਰਾਲੇ ਤੇ ਡੋਇਸ਼ੇ ਵੈਲੇ ਦੇ ਮੁੱਖ ਕੌਮਾਂਤਰੀ ਸੰਪਾਦਕ ਰਿਚਰਡ ਵਾਕਰ ਦਾ ਧੰਨਵਾਦ ਕੀਤਾ।" ਦਿਗਵਿਜੈ ਸਿੰਘ ਨੇ ਵਾਕਰ ਦਾ ਇਕ ਟਵੀਟ ਟੈਗ ਕੀਤਾ ਜਿਸ ਵਿੱਚ ਸੀਨੀਅਰ ਪੱਤਰਕਾਰ ਨੇ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਤੋਂ ਅਯੋਗਤਾ ਬਾਰੇ ਪ੍ਰਤੀਕਿਰਿਆ ਦਿੰਦੇ ਹੋਏ ਜਰਮਨ ਵਿਦੇਸ਼ ਮੰਤਰਾਲੇ ਦੇ ਤਰਜਮਾਨ ਦਾ ਵੀਡੀਓ ਸਾਂਝਾ ਕੀਤਾ। ਭਾਜਪਾ ਦੇ ਕਈ ਆਗੂਆਂ ਨੇ ਕਾਂਗਰਸ ਤੇ ਦਿਗਵਿਜੈ ਸਿੰਘ 'ਤੇ ਨਿਸ਼ਾਨਾ ਸੇਧਦਿਆਂ ਦੋਸ਼ ਲਾਇਆ ਕਿ ਵਿਰੋਧੀ ਪਾਰਟੀ ਅੰਦਰੂਨੀ ਮਾਮਲਿਆਂ 'ਚ ਵਿਦੇਸ਼ੀ ਦਖ਼ਲਅੰਦਾਜ਼ੀ ਨੂੰ ਸੱਦਾ ਦੇ ਰਹੀ ਹੈ। ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਦਿਗਵਿਜੈ ਸਿੰਘ ਦੇ ਟਵੀਟ ਦਾ ਸਕ੍ਰੀਨਸ਼ਾਟ ਸਾਂਝਾ ਕਰਦਿਆਂ ਟਿੱਪਣੀ ਕੀਤੀ, "ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਦੇਣ ਲਈ ਵਿਦੇਸ਼ੀ ਸ਼ਕਤੀਆਂ ਨੂੰ ਸੱਦਾ ਦੇਣ ਵਾਸਤੇ ਰਾਹੁਲ ਗਾਂਧੀ ਦਾ ਧੰਨਵਾਦ। ਯਾਦ ਰੱਖੋ, ਭਾਰਤੀ ਨਿਆਂਪਾਲਿਕਾ ਵਿਦੇਸ਼ੀ ਦਖ਼ਲ ਨਾਲ ਪ੍ਰਭਾਵਿਤ ਨਹੀਂ ਹੋ ਸਕਦੀ।




# dream carpets

Shaw FLOORS

Ansonylon

STAINMASTER CARPET

ClearTouch

from $1.98 SF — **Berber** Installed

**Textured Saxony** Installed — from $2.28 SF

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

**NOBODY KNOWS FLOORING LIKE DREAM CARPETS**

**SERVING WESTERN CANADA FOR OVER 38 YEARS**



Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00



Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed



Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

## ਰਣਜੀਤ ਸਿੰਘ ਦਾ ਉੱਤਰ

1886 ਅੱਖਾਂ-ਮੂੰਹ ਤੇ ਦੇਣ ਕਰਤਾਰ ਦੀਏ, ਭਲੀਓ ਕਰੀਦਾ ਓਸ ਤੇ ਤਰਕ ਨਾਹੀ।
ਕਾਣਾ ਮੈਨੂੰ ਕਹੋ ਹਜ਼ਾਰ ਵਾਰੀ, ਥੋਡੇ ਕਹੇ ਦਾ ਭੋਰਾ ਵੀ ਹਰਖ ਨਾਹੀ।
ਕਾਣੀ ਅੱਖ ਹੈ ਪਰ ਨਹੀਂ ਨਜ਼ਰ ਕਾਣੀ, ਇਸ ਗੱਲ ਦੀ ਥੋਨੂੰ ਪਰਖ ਨਾਹੀ।
ਮੇਰੇ ਅੰਦਰਲਾ ਮਰਦ ਨੀ ਮੂਲ ਕਾਣਾ, ਹਰਚੰਦ ਸਿੰਘਾ ਕਰਦਾ ਫਰਕ ਨਾਹੀ॥

## ਕਹੇ ਦਾ ਕੁੜੀਆਂ ਤੇ ਅਸਰ

1887 ਰਣਜੀਤ ਸਿੰਘ ਦੀ ਸੁਣੀ ਜਦ ਗੱਲ ਕੁੜੀਆਂ, ਮੂੰਹ ਬੋਲਣੋਂ ਸਭ ਦੇ ਬੰਦ ਹੋਏ।
ਖਿਲਾਂ ਵਾਂਗ ਜੋ ਹੁਣਦੇ ਤਿੜਕਦੇ ਸੀ, ਬੁੱਲ੍ਹਾਂ ਹੇਠ ਸੀ ਚਮਕਦੇ ਦੰਦ ਹੋਏ।
ਤਾੜੀ ਮਾਰ ਕੇ ਦੋਸਤਾਂ ਦਾਦ ਦਿੱਤੀ, ਨਾਲ ਖੁਸ਼ੀ ਦੇ ਸਭ ਅਨੰਦ ਹੋਏ।
ਜੇਤੂ ਹੋ ਕੇ ਡੇਰੇ ਦੇ ਵਲ ਤੁਰੇ, ਹਰਚੰਦ ਸਿੰਘਾ ਬੋਲ ਪਸੰਦ ਹੋਏ॥

## ਮਹਿਤਾਬ ਕੌਰ ਦੀ ਵਿਦਾਇਗੀ

1888 ਰਸਮਾਂ ਪੂਰੀਆਂ ਕਰ ਵਿਆਹ ਦੀਆਂ, ਸਮਾਂ ਡੋਲੀ ਤੋਰਨ ਦਾ ਆਇਆ ਏ।
ਸਦਾ ਕੌਰ ਨੇ ਜਿਗਰਾ ਕਰ ਵੱਡਾ, ਘੁੱਟ ਧੀ ਨੂੰ ਕਾਲਜੇ ਲਾਇਆ ਏ।
ਗੁਰਬਖ਼ਸ਼ ਸਿੰਘ ਦੀ ਬਣੀ ਤਸਵੀਰ ਉੱਤੇ, ਜਾ ਧੀ ਨੇ ਸੀਸ ਟਿਕਾਇਆ ਏ।
ਹਰਚੰਦ ਸਿੰਘਾ ਵਿਲਕਦੀ ਧੀ ਤਾਈਂ, ਤੱਕ ਸਭ ਨੇ ਨੀਰ ਬਹਾਇਆ ਏ॥

1889 ਫੜ ਮਾਮਿਆਂ ਡੋਲੀ ਪਾ ਦਿੱਤੀ, ਮਹਿਤਾਬ ਤੋੜਕੇ ਸਖੀ-ਸਹੇਲੀਆਂ ਤੋਂ।
ਕਿੰਨਾਂ ਔਖਾ ਪਰਿਵਾਰ ਤੋਂ ਅੱਡ ਹੋਣਾ, ਪੁੱਛੋ ਜਾ ਕੇ ਜੇਲ੍ਹ ਵਿੱਚ ਜੇਲ੍ਹੀਆਂ ਤੋਂ।
ਮੌਜਾਂ ਮਾਣੀਆਂ ਰੱਜ ਕੇ ਮਾਂ ਕੋਲੇ, ਸਹੁਰੀਂ ਰਹਿ ਨਾ ਹੋਏ ਅਕੇਲੀਆਂ ਤੋਂ।
ਹਰਚੰਦ ਸਿੰਘਾ ਟੁੱਟਦੀ ਥਾ ਥਾਂ ਤੋਂ, ਵੇਲ ਲਹਿੰਦੀ ਜਦ ਵੀ ਗੇਲੀਆਂ ਤੋਂ॥

## ਡੋਲਾ ਗੁੱਜਰਾਂ ਵਾਲੇ ਪਹੁੰਚਣਾ

1890 ਮਹਾਂ ਸਿੰਘ ਸਰਦਾਰ ਦੇ ਘਰ ਡੋਲਾ, ਜਦ ਪਹੁੰਚਿਆ ਕਈ ਪੜਾਅ ਕਰਕੇ।
ਰਾਜ ਕੌਰ ਨੇ ਨੂੰਹ ਦੇ ਸ਼ਗਨ ਕੀਤੇ, ਪਾਣੀ ਵਾਰਿਆ ਜੋੜੀ ਤੋਂ ਚਾਅ ਕਰਕੇ।
ਦਾਨ ਦਿੱਤਾ ਰੱਜ ਕੇ ਲੋੜਵੰਦਾਂ, ਮਹਿਤਾਬ ਕੌਰ ਦਾ ਹੱਥ ਸੁਹਾਅ ਕਰਕੇ।
ਕਲਗੀ ਵਾਲੇ ਤੋਂ ਲੋੜੀਆਂ ਸਭ ਸੁੱਖਾਂ, ਹਰਚੰਦ ਸਿੰਘਾ ਦਿਲੋਂ ਦੁਆ ਕਰਕੇ॥

## ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਪੰਜਾਬ ਦੀ ਹਾਲਤ

1891 ਸੱਚ ਜਾਣੋ ਪੰਜਾਬ ਦੀ ਧਰਤ ਉੱਤੇ, ਉਸ ਸਮੇਂ ਜੰਗਲੀ ਰਾਜ ਹੈ ਸੀ।
ਮਾੜੇ ਜੂਨ ਹੰਢਾਂਵਦੇ ਚਿੜੀਆਂ ਦੀ, ਤਕੜਾ ਰਹਿੰਦਾ ਬਣਕੇ ਬਾਜ ਹੈ ਸੀ।
ਨਾਲੇ ਕੁੱਟਦੇ ਨਾਲੇ ਲੁੱਟਦੇ ਸੀ, ਬੰਦ ਲੋਕਾਂ ਦੀ ਕਰੀ ਆਵਾਜ਼ ਹੈ ਸੀ।
ਪਾਣੀ ਪੀਣ ਨੂੰ ਤਰਸਦੇ ਲੋਕ ਥਾਂ ਥਾਂ, ਹਰਚੰਦ ਸਿੰਘਾ ਕਹਿਣ ਨੂੰ ਪੰਜ-ਆਬ ਹੈ ਸੀ॥

1892 ਸ਼ਹਿਰ ਕਿਲ੍ਹੇ ਕੋਟ ਸੀ ਪਿੰਡ ਸਾਰੇ, ਰਾਤ ਪੈਂਦਿਆਂ ਬੰਦ ਸੀ ਬਾਰ ਹੁੰਦੇ।
ਲੁੱਟਾਂ-ਖੋਹਾਂ ਨਿੱਤ ਦਾ ਕੰਮ ਹੈ ਸੀ, ਰਾਤੀਂ ਜਾਗਦੇ ਪਹਿਰੇਦਾਰ ਹੁੰਦੇ।
ਕੰਮ ਕਰਦਿਆਂ ਰਾਤ ਨੂੰ ਸੁੱਤਿਆਂ ਦੇ, ਕੋਲ ਸਭ ਦੇ ਰੱਖੇ ਹਥਿਆਰ ਹੁੰਦੇ।
ਹਰਚੰਦ ਸਿੰਘਾ ਸਮਾਂ ਸੀ ਮੁਸ਼ਕਲਾਂ ਦਾ, ਸਦਾ ਉਨ੍ਹਾਂ ਲਈ ਲੋਕ ਤਿਆਰ ਹੁੰਦੇ॥

1893 ਨਾ ਬਿਜਲੀ, ਰੇਲ ਨਾ ਸੜਕ ਕੋਈ, ਜਹਾਜ਼, ਕਾਰਾਂ ਸਾਇਕਲ ਨਾ ਲਾਰੀਆਂ ਸੀ।
ਘੋੜੇ-ਘੋੜੀਆਂ, ਖੱਚਰਾਂ ਅਤੇ ਖੋਤੇ, ਊਠ, ਹਾਥੀ ਉਦੋਂ ਸਵਾਰੀਆਂ ਸੀ।
ਪੈਰੀਂ ਚੱਲ ਮੁਕਾਂਵਦੇ ਸਫਰ ਲੋਕੀ, ਕੱਚੇ ਰਾਹ ਤੇ ਬਹੁਤ ਖੁਆਰੀਆਂ ਸੀ।
ਜੁੱਤੀ-ਕੱਪੜਾ ਪਹੁੰਚ ਤੋਂ ਪਰੇ ਹੈ ਸੀ, ਭੁੱਖ ਮਰੀ ਤੇ ਹਾਲ ਭਿਖਾਰੀਆਂ ਸੀ॥

1894 ਡਾਕਟਰ, ਨਰਸਾਂ ਦਵਾਈਆਂ ਨਾ ਟੀਕੇ, ਸਕੂਲ ਕਾਲਜ ਨਾ ਹਸਪਤਾਲ ਹੈ ਸੀ।
ਪਸ਼ੂਆਂ ਸੰਗ ਹੀ ਰਹਿੰਦੇ ਸਨ ਲੋਕੀ, ਛੱਪਰ-ਕੁੱਲੀਆਂ ਮੰਦੜਾ ਹਾਲ ਹੈ ਸੀ।
ਕਦੇ ਸੜਦੇ ਕਦੇ ਠਰਨ ਲੋਕੀ, ਜਾਨਾਂ ਕੱਢਦੇ ਹਾੜ-ਸਿਆਲ ਹੈ ਸੀ।
ਹਰਚੰਦ ਸਿੰਘਾ ਮਰਦੇ ਕੁੱਝ ਲੜ ਕੇ, ਬਹੁਤ ਮਰਨ ਬਿਮਾਰੀਆਂ ਨਾਲ ਹੈ ਸੀ॥

1895 ਨਹਿਰਾਂ-ਡੈਮ ਨਾ ਬੰਬੀਆਂ ਹਲਟ ਕੋਈ, ਮੀਂਹਾਂ ਆਸਰੇ ਫਸਲਾਂ ਪਲਦੀਆਂ ਸੀ।
ਨਾਲ ਬੋਕਿਆਂ ਖੂਹਾਂ 'ਚੋਂ ਭਰਨ ਪਾਣੀ, ਘਿਓ ਤੇਲ ਨਾਲ ਬੱਤੀਆਂ ਬਲਦੀਆਂ ਸੀ।
ਪਤੀ ਮਰੇ ਤਾਂ ਪਤਨੀ ਕਰਨ ਸਤੀ, ਜਿੰਦਾਂ ਜਿਊਂਦੀਆਂ ਚਿਖਾ ਤੇ ਸੜਦੀਆਂ ਸੀ।
ਹਰਚੰਦ ਸਿੰਘਾ ਸੰਵਿਧਾਨ ਨਾ ਕੋਈ ਧਾਰਾ, ਆਪੋ-ਆਪਣੀਆਂ ਚੌਧਰਾਂ ਚਲਦੀਆਂ ਸੀ॥

1896 ਲੋਕ ਖੇਤੀ ਅੰਨ ਉਗਾਂਵਦੇ ਸੀ, ਅੱਧ ਆਣ ਕੇ ਮੁਗਲ ਵੰਡਾਅ ਲੈਂਦੇ।
ਕੁੱਝ ਜੰਗਲੀ ਪਸ਼ੂ, ਜਨੌਰ ਭੁੱਖੇ, ਪੇਟੀਂ ਆਪਣੇ ਉਹੋ ਸੀ ਪਾ ਲੈਂਦੇ।
ਕਦੇ ਸੋਕਾ ਫਸਲਾਂ ਫੂਕ ਦੇਂਦਾ, ਕਦੇ ਮੀਂਹ ਹਨੇਰੀਆਂ ਢਾਹ ਲੈਂਦੇ।
ਹਰਚੰਦ ਸਿੰਘਾ ਦਾਣਾ ਜੋ ਬਚਦਾ ਸੀ, ਮਸੰਦ ਆਣ ਕੇ ਝੋਲੀ ਪੁਆ ਲੈਂਦੇ॥

1897 ਉਸ ਸਮੇਂ ਪੰਜਾਬ ਦੀ ਧਰਤ ਉੱਤੇ, 12 ਮਿਸਲਾਂ ਰਾਜ ਕਰਦੀਆਂ ਸੀ।
ਹੱਦਾਂ-ਬੰਨ੍ਹਿਆਂ ਲਈ ਕਲੇਸ਼ ਪੈਂਦੇ, ਆਪਸ ਵਿੱਚ ਲੜਾਈਆਂ ਰਹਿੰਦੀਆਂ ਸੀ।
ਇੱਕ-ਦੂਜੇ ਨਾਲ ਸੀ ਖਹਿ ਵਾਜੀ, ਨਿੱਤ ਤੇਗਾਂ-ਤਲਵਾਰਾਂ ਖਹਿੰਦੀਆਂ ਸੀ।
ਲਸ਼ਕਰ ਚੜ੍ਹਕੇ ਕਾਬਲੋਂ ਜਦ ਆਉਂਦੇ, ਹਰਚੰਦ ਸਿੰਘਾ ਪਤੀੜਾਂ ਪੈਂਦੀਆਂ ਸੀ॥

## ਸਰਦਾਰਨੀ ਸਦਾ ਕੌਰ

1898 ਘਨੱਈਆ ਮਿਸਲ ਦੀ ਸਰਦਾਰਨੀ ਸਦਾ ਕੌਰ, ਸੁੱਘੜ ਸੱਸ ਉਹ ਸ਼ੇਰੇ ਪੰਜਾਬ ਦੀ ਜੀ।
ਤੀਖਣ ਬੁੱਧੀ ਤੇ ਦੂਰ-ਅੰਦੇਸ਼ ਹੈ ਸੀ, ਗੱਲ ਕਰਦੀ ਬੜੇ ਹਿਸਾਬ ਦੀ ਜੀ।
ਰਣਜੀਤ ਸਿੰਘ ਨੂੰ ਦਏ ਸਲਾਹ ਚੰਗੀ, ਗੱਲ ਸਮਝਾਏ ਹਾਨੀ ਤੇ ਲਾਭ ਦੀ ਜੀ।
ਉਹ ਚਾਹੁੰਦੀ ਸੀ ਰਣਜੀਤ ਦੇ ਹੱਥ ਹੋਏ, ਡੋਰ ਸਾਰੇ ਦੇਸ਼ ਪੰਜਾਬ ਦੀ ਜੀ॥

## ਅਹਿਮਦ ਸ਼ਾਹ ਦੇ ਪੋਤਰੇ ਜ਼ਮਾਨ ਸ਼ਾਹ ਦੇ ਹਿੰਦ ਤੇ ਹਮਲੇ

**18 ਮਈ 1793 ਨੂੰ ਤੈਮੂਰ ਸ਼ਾਹ ਫੌਤ ਹੋਇਆ। ਆਪਣੇ ਗਿਆਰਾਂ ਭਰਾਵਾਂ ਨੂੰ ਕੈਦ ਕਰਕੇ ਸ਼ਾਹ ਜ਼ਮਾਨ ਅਫਗਾਨਾਂ ਦਾ ਬਾਦਸ਼ਾਹ ਬਣਿਆ**

1899 ਤੈਮੂਰ ਸ਼ਾਹ ਨੂੰ ਸਪੁਰਦੇ ਖਾਕ ਕਰਕੇ, ਜ਼ਮਾਨ ਸ਼ਾਹ ਨੇ ਤਖ਼ਤ ਹਥਿਆਇਆ ਏ।
ਦਾਦੇ ਵਾਂਗ ਹੀ ਦਿੱਲੀ ਨੂੰ ਜਾ ਲੁੱਟਾਂ, ਮਨ ਆਪਣੇ ਵਿੱਚ ਬਿਠਾਇਆ ਏ।
ਗਾਜੀ ਜੋੜੇ ਲੁੱਟ ਦਾ ਦੇਹ ਸੱਦਾ, ਕਾਬਲ ਕੰਧਾਰ ਨੂੰ ਪਿੱਛੇ ਲਾਇਆ ਏ।
ਹਰਚੰਦ ਸਿੰਘਾ ਲਸ਼ਕਰ ਜੋੜ ਭਾਰਾ, ਉਸ ਰਾਹ ਪੰਜਾਬ ਦੇ ਪਾਇਆ ਏ॥

1900 ਸੂਹਿਆਂ ਆ ਸਿੰਘਾਂ ਨੂੰ ਖਬਰ ਦਿੱਤੀ, ਹਿੰਦ ਵੱਲ ਨੂੰ ਸ਼ਾਹ ਜ਼ਮਾਨ ਚੱਲਾ।
13 ਸਾਲ ਦਾ ਅਜੇ ਰਣਜੀਤ ਹੈ ਸੀ, ਬਲ ਆਪਣਾ ਉਹ ਦਿਖਾਉਣ ਚੱਲਾ।
ਜਥਾ ਲੈ ਕੇ ਹਰ ਸਰਦਾਰ ਆਪਣਾ, ਦੇਸ਼-ਕੌਮ ਲਈ ਹੋਣ ਕੁਰਬਾਨ ਚੱਲਾ।
ਹਰਚੰਦ ਸਿੰਘਾ ਰਿਹਾ ਨਾ ਕੋਈ ਪਿੱਛੇ, ਬੁੱਢਾ-ਠੇਰਾ ਹਰ ਜਵਾਨ ਚੱਲਾ॥

1901 ਸਿੰਘ ਟੱਕਰੇ ਅਟਕ ਦਰਿਆ ਉੱਤੇ, ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੇ।
ਜੋ ਲੰਘ ਦਰਿਆ ਤੋਂ ਬਾਹਰ ਆਉਂਦੇ, ਸਿੰਘ ਵਿੰਨ੍ਹਦੇ ਨਾਲ ਕਟਾਰੀਆਂ ਨੇ।
ਖ਼ੂਨ ਡੁੱਲ੍ਹਿਆ ਅਟਕ ਸੀ ਲਾਲ ਹੋਇਆ, ਜਿੰਦਾਂ ਵਿੱਚ ਹੀ ਡੋਬ ਕੇ ਮਾਰੀਆਂ ਨੇ।
ਹਰਚੰਦ ਸਿੰਘਾ, ਸਿੰਘਾਂ ਨੇ ਮਾਰ ਗੋਲੇ, ਹਾਥੀ ਰੋੜਤੇ ਸਣੇ ਅੰਬਾਰੀਆਂ ਨੇ॥

1902 ਮਾਰ ਸਿੰਘਾਂ ਤੋਂ ਖਾ ਕੇ ਸ਼ਾਹ ਭੱਜਾ, ਦਮ ਲਿਆ ਕਾਬਲ ਜਾ ਬੇਲੀ।
ਘਰੋਂ ਚੱਲਿਆ ਦਿੱਲੀ ਲੁੱਟਣੇ ਨੂੰ, ਮੁੜਿਆ ਆਪਣਾ ਮਾਲ ਲੁਟਾ ਬੇਲੀ।
ਸਿੰਘਾਂ ਆਪਣੇ ਹੱਥ ਸਾਮਾਨ ਕੀਤਾ, ਲਾਈਆਂ ਢੇਰੀਆਂ ਵੰਡ ਕੇ ਪਾ ਬੇਲੀ।
ਹਰਚੰਦ ਸਿੰਘਾ ਮਿਸਲ ਰਣਜੀਤ ਸਿੰਘ ਨੇ, ਲਏ ਅਟਕ ਦਰਿਆ ਨੂੰ ਲਾ ਬੇਲੀ॥

1903 ਗੁੱਜਰਾਂ ਵਾਲੇ ਜਿੱਤ ਕੇ ਜਦ ਆਇਆ, ਰਣਜੀਤ ਸਿੰਘ ਨੂੰ ਮਿਲਣ ਵਧਾਈਆਂ ਜੀ।
ਛੋਟੀ ਉਮਰ ਤੇ ਵੱਡੇ ਕਾਰਨਾਮੇ, ਸਤਿਗੁਰ ਦਿੱਤੀਆਂ ਆਪ ਵਡਿਆਈਆਂ ਜੀ।
ਮੱਥਾ ਚੁੰਮਿਆਂ ਪੁੱਤ ਦਾ ਅੰਮੜੀ ਨੇ, ਸੀਨੇ ਲਾ ਕੇ ਸੁੱਖਾਂ ਮਨਾਈਆਂ ਜੀ।
ਸ਼ੁਕਰਾਨਾ ਕੀਤਾ ਗੁਰੂ ਗ੍ਰੰਥ ਅੱਗੇ, ਲੰਗਰ ਲਾਏ ਤੇ ਦੇਗਾਂ ਕਰਵਾਈਆਂ ਜੀ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।




# ਰੱਖੋ ਦਿਲ ਦਾ ਖ਼ਿਆਲ





ਸਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਦਿਲ ਸਰੀਰ ਦਾ ਸਭ ਤੋਂ ਮਹੱਤਵਪੂਰਨ ਅੰਗ ਹੈ। ਦਿਲ ਦਾ ਕੰਮ ਸਰੀਰ ਦੇ ਸਾਰੇ ਹਿੱਸਿਆਂ 'ਚ ਖ਼ੂਨ ਪਹੁੰਚਾਉਣਾ ਹੈ। ਨਿਰੋਗ ਜ਼ਿੰਦਗੀ ਲਈ ਇਸ ਦਾ ਸਹੀ ਢੰਗ ਨਾਲ ਕੰਮ ਕਰਨਾ ਬਹੁਤ ਜ਼ਰੂਰੀ ਹੈ। ਅੱਜ ਦੇ ਸਮੇਂ 'ਚ ਵੱਡੀ ਗਿਣਤੀ ਵਿਚ ਲੋਕ ਦਿਲ ਨਾਲ ਜੁੜੀਆਂ ਬਿਮਾਰੀਆਂ ਤੋਂ ਪੀੜਤ ਹੋ ਰਹੇ ਹਨ।



ਬਹੁਤ ਹੱਦ ਤਕ ਇਹ ਗੱਲ ਸਹੀ ਹੈ ਕਿ ਬਦਲਦੀ ਜੀਵਨਸ਼ੈਲੀ ਤੇ ਗ਼ਲਤ ਖਾਣ-ਪੀਣ ਦੀਆਂ ਆਦਤਾਂ ਦਿਲ ਦੀਆਂ ਬਿਮਾਰੀਆਂ ਦੇ ਖ਼ਤਰੇ ਨੂੰ ਵਧਾਉਂਦੀਆਂ ਹਨ। ਹਾਲਾਂਕਿ ਜਦੋਂ ਵੀ ਸਾਡਾ ਦਿਲ ਬਿਮਾਰ ਹੁੰਦਾ ਹੈ, ਉਦੋਂ ਸਾਡਾ ਸਰੀਰ ਸਾਨੂੰ ਕੁਝ ਨਿਸ਼ਾਨੀਆਂ ਦੱਸਦਾ ਹੈ ਪਰ ਅਕਸਰ ਬਹੁਤੇ ਲੋਕ ਇਸ ਨੂੰ ਆਮ ਜਿਹੀ ਤਕਲੀਫ਼ ਸਮਝ ਕੇ ਨਜ਼ਰ-ਅੰਦਾਜ਼ ਕਰ ਦਿੰਦੇ ਹਨ। ਕਈ ਵਾਰ ਉਦੋਂ ਬਹੁਤ ਮੁਸ਼ਕਲ ਆ ਜਾਂਦੀ ਹੈ, ਜਦੋਂ ਧਿਆਨ ਨਾ ਦੇਣ ਕਾਰਨ ਜਾਂ ਥੋੜ੍ਹੀ-ਬਹੁਤ ਤਕਲੀਫ਼ ਸਮਝ ਕੇ ਸਮੱਸਿਆ ਨੂੰ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ। ਉਸ ਤੋਂ ਬਾਅਦ ਦਿਲ ਦੀ ਸਮੱਸਿਆ ਗੰਭੀਰ ਬਿਮਾਰੀ 'ਚ ਬਦਲ ਜਾਂਦੀ ਹੈ। ਆਓ! ਅੱਜ ਵਿਸ਼ਵ ਦਿਲ ਦਿਵਸ 'ਤੇ ਜਾਣੀਏ ਉਹ ਕੁਝ ਨਿਸ਼ਾਨੀਆਂ ਜਾਂ ਲੱਛਣ, ਜੋ ਦਿਲ ਸਬੰਧੀ ਬਿਮਾਰੀਆਂ ਵੱਲ ਇਸ਼ਾਰਾ ਕਰਦੇ ਹਨ।

### ਛਾਤੀ 'ਚ ਦਰਦ ਹੋਣਾ

ਕਈ ਵਾਰ ਕੁਝ ਭਾਰੀ ਤਲਿਆ ਭੋਜਨ ਖਾਣ ਤੋਂ ਬਾਅਦ ਛਾਤੀ ਵਿਚ ਜਲਣ ਜਾਂ ਭਾਰੀਪਨ ਮਹਿਸੂਸ ਹੁੰਦਾ ਹੈ, ਜਿਹੜਾ ਪੇਟ ਵਿਚ ਗੈਸ, ਤੇਜ਼ਾਬ ਬਣਨ ਕਾਰਨ ਵੀ ਹੋ ਸਕਦਾ ਹੈ ਪਰ ਜੇ ਇਹ ਸਮੱਸਿਆ ਵਿਅਕਤੀ ਨੂੰ ਵਾਰ-ਵਾਰ ਹੋ ਰਹੀ ਹੈ ਤਾਂ ਇਸ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਛਾਤੀ ਵਿਚ ਦਰਦ ਜਾਂ ਜਲਣ ਦਿਲ ਦੀ ਬਿਮਾਰੀ ਦਾ ਲੱਛਣ ਵੀ ਹੋ ਸਕਦਾ ਹੈ। ਛਾਤੀ ਦਾ ਦਰਦ ਦਿਲ ਦੇ ਦੌਰੇ ਜਾਂ ਕਿਸੇ ਹੋਰ ਦਿਲ ਸਬੰਧੀ ਬਿਮਾਰੀਆਂ ਦੀ ਨਿਸ਼ਾਨੀ ਹੋ ਸਕਦੀ ਹੈ।

### ਸਾਹ ਲੈਣ 'ਚ ਤਕਲੀਫ਼

ਜੇ ਸਾਹ ਲੈਣ ਵਿਚ ਮੁਸ਼ਕਲ ਆਉਂਦੀ ਹੋਵੇ, ਥੋੜ੍ਹਾ ਕੰਮਕਾਰ ਕੀਤਿਆਂ ਹੀ ਸਾਹ ਚੜ੍ਹ ਜਾਂਦਾ ਹੋਵੇ ਤਾਂ ਇਸ ਨੂੰ ਨਜ਼ਰ-ਅੰਦਾਜ਼ ਨਹੀਂ ਕਰਨਾ ਚਾਹੀਦਾ। ਲਗਾਤਾਰਤਾ ਵਿਚ ਸਾਹ ਚੜ੍ਹਨਾ ਦਿਲ ਦੀ ਬਿਮਾਰੀ ਦੀ ਨਿਸ਼ਾਨੀ ਹੋ ਸਕਦੀ ਹੈ। ਜੇ ਕਿਸੇ ਵਿਅਕਤੀ ਨੂੰ ਰਾਤ ਨੂੰ ਸੌਣ, ਪੌੜੀਆਂ ਚੜ੍ਹਨ ਜਾਂ ਕੋਈ ਭਾਰੀ ਕੰਮ ਕਰਦੇ ਸਮੇਂ ਸਾਹ ਲੈਣ ਵਿਚ ਮੁਸ਼ਕਲ ਆਉਂਦੀ ਹੈ ਤਾਂ ਇਸ ਨੂੰ ਹਲਕੇ 'ਚ ਨਹੀਂ ਲੈਣਾ ਚਾਹੀਦਾ। ਇਸ ਤਰ੍ਹਾਂ ਹੋਣਾ ਇਹ ਦਰਸਾਉਂਦਾ ਹੈ ਕਿ ਦਿਲ ਸਿਹਤਮੰਦ ਨਹੀਂ ਹੈ। ਸਿਹਤ ਦੀ ਜਾਂਚ ਕਰਵਾਉਣੀ ਤੇ ਡਾਕਟਰ ਦੀ ਸਲਾਹ ਲੈਣੀ ਬਹੁਤ ਜ਼ਰੂਰੀ ਹੈ।

### ਥਕਾਵਟ ਮਹਿਸੂਸ ਕਰਨਾ

ਸਾਨੂੰ ਸਾਰਿਆਂ ਨੂੰ ਦਿਨ ਭਰ ਦੇ ਕੰਮ ਤੋਂ ਬਾਅਦ ਰਾਤ ਸਮੇਂ ਥਕਾਵਟ ਮਹਿਸੂਸ ਹੋਣਾ ਆਮ ਗੱਲ ਹੈ ਪਰ ਜੇ ਕੋਈ ਵਿਅਕਤੀ ਹਮੇਸ਼ਾ ਥੋੜ੍ਹਾ-ਬਹੁਤ ਕੰਮਕਾਰ ਕਰ ਕੇ ਜ਼ਿਆਦਾ ਥਕਾਵਟ ਮਹਿਸੂਸ ਕਰੇ ਤਾਂ ਇਹ ਦਿਲ ਦੀ ਕਿਸੇ ਤਕਲੀਫ਼, ਪਰੇਸ਼ਾਨੀ ਦੀ ਨਿਸ਼ਾਨੀ ਵੀ ਹੋ ਸਕਦੀ ਹੈ। ਜੇ ਕੋਈ ਵਿਅਕਤੀ ਹਮੇਸ਼ਾ ਥਕਾਵਟ ਮਹਿਸੂਸ ਕਰਦਾ ਹੈ ਤਾਂ ਨਿਸ਼ਚਿਤ ਤੌਰ 'ਤੇ ਦਿਲ ਦੇ ਮਾਹਿਰ ਡਾਕਟਰ ਦੀ ਸਲਾਹ ਲੈਣੀ ਅਤੇ ਆਯੁਰਵੇਦ, ਨੈਚਰੋਪੈਥੀ ਅਤੇ ਯੋਗ ਨੂੰ ਅਪਣਾਉਣਾ ਬਹੁਤ ਜ਼ਰੂਰੀ ਹੈ।

### ਚੱਕਰ ਆਉਣੇ

ਜੇ ਕਿਸੇ ਵਿਅਕਤੀ ਨੂੰ ਕੁਝ ਸਮਾਂ ਬੈਠਣ ਤੋਂ ਬਾਅਦ ਉੱਠਣ ਲੱਗਿਆਂ ਚੱਕਰ ਆਉਂਦੇ ਹਨ ਜਾਂ ਅੱਖਾਂ ਸਾਹਮਣੇ ਹਨੇਰਾ ਆਉਂਦਾ



ਹੈ ਤਾਂ ਇਹ ਸਰੀਰ ਵਿਚ ਕੁਝ ਜ਼ਰੂਰੀ ਪੌਸ਼ਟਿਕ ਤੱਤਾਂ ਦੀ ਘਾਟ ਦੀ ਨਿਸ਼ਾਨੀ ਹੋ ਸਕਦੀ ਹੈ। ਇੱਥੇ ਧਿਆਨ ਦੇਣਯੋਗ ਗੱਲ ਇਹ ਹੈ ਕਿ ਕਈ ਵਾਰ ਇਸ ਤਰ੍ਹਾਂ ਮਹਿਸੂਸ ਹੋਣਾ ਦਿਲ ਵਿਚ ਬਲੌਕੇਜ ਜਾਂ ਦਿਲ ਦੇ ਵਾਲਵ ਸਬੰਧੀ ਸਮੱਸਿਆ ਦੇ ਕਾਰਨ ਵੀ ਹੋ ਸਕਦਾ ਹੈ। ਜੇ ਕਿਸੇ ਵੀ ਵਿਅਕਤੀ ਨੂੰ ਬੈਠਦੇ ਜਾਂ ਖੜ੍ਹੇ ਹੁੰਦੇ ਸਮੇਂ ਚੱਕਰ ਆਉਂਦੇ ਮਹਿਸੂਸ ਹੋਣ ਤਾਂ ਇਸ ਨੂੰ ਨਜ਼ਰ-ਅੰਦਾਜ਼ ਨਾ ਕਰੋ ਅਤੇ ਦਿਲ ਦੇ ਮਾਹਿਰ ਡਾਕਟਰ ਨਾਲ ਸਲਾਹ ਕਰੋ।

### ਧਿਆਨ ਰੱਖਣਯੋਗ ਗੱਲਾਂ

- ਦਿਲ ਸਬੰਧੀ ਤੰਦਰੁਸਤੀ ਲਈ ਕੁਝ ਗੱਲਾਂ ਵੱਲ ਖ਼ਾਸ ਤੌਰ 'ਤੇ ਧਿਆਨ ਦੇਣਾ ਚਾਹੀਦਾ ਹੈ।
- ਹਰ ਰੋਜ਼ ਸਹੀ ਸਮੇਂ 'ਤੇ ਭੋਜਨ ਖਾਓ।
- ਭੋਜਨ ਹਲਕਾ ਅਤੇ ਜਲਦੀ ਹਜ਼ਮ ਹੋਣ ਵਾਲਾ ਹੋਣਾ ਚਾਹੀਦਾ ਹੈ।
- ਨਿੰਬੂ, ਸਿਰਕਾ, ਇਮਲੀ, ਪਿਆਜ਼, ਲਸਣ ਦੀ ਵਰਤੋਂ ਭੋਜਨ ਨੂੰ ਸਵਾਦੀ ਬਣਾਉਣ ਲਈ ਕੀਤੀ ਜਾ ਸਕਦੀ ਹੈ।
- ਹਮੇਸ਼ਾ ਭੋਜਨ ਹੌਲੀ-ਹੌਲੀ ਅਤੇ ਚਬਾਉਂਦੇ ਹੋਏ ਖਾਣਾ ਚਾਹੀਦਾ ਹੈ।
- ਜੇ ਵਜ਼ਨ ਜ਼ਿਆਦਾ ਹੈ ਤਾਂ ਇਸ ਨੂੰ ਕੰਟਰੋਲ ਕਰਨਾ ਵੀ ਬਹੁਤ ਜ਼ਰੂਰੀ ਹੈ। ਮਹੱਤਵਪੂਰਨ ਗੱਲ ਇਹ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਜੇ ਭੁੱਖ ਨਹੀਂ ਹੈ, ਤਾਂ ਭੋਜਨ ਨਾ ਖਾਈਏ। ਦੁਪਹਿਰ ਦੇ ਖਾਣੇ ਅਤੇ ਰਾਤ ਦੇ ਖਾਣੇ ਦਾ ਤਿੰਨ-ਚੌਥਾਈ ਹਿੱਸਾ ਸਬਜ਼ੀਆਂ, ਫਲ ਅਤੇ ਅਨਾਜ ਹੋਣਾ ਚਾਹੀਦਾ ਹੈ।
- ਹਰ ਰੋਜ਼ 30 ਮਿੰਟ ਲਈ ਕਾਰਡੀਓਵੈਸਕੂਲਰ ਕਸਰਤ ਕਰੋ, ਯੋਗ ਕਰੋ।
- ਰੋਜ਼ਾਨਾ ਸੈਰ ਕਰਨਾ ਵੀ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਵੋ।

### ਮਾਹਿਰ ਡਾਕਟਰ ਦੀਆਂ ਹਦਾਇਤਾਂ ਦੀ ਕਰੋ ਪਾਲਣਾ

ਅੱਜ ਦੇ ਸਮੇਂ ਜਿੱਥੇ ਸਿਹਤ ਵਿਗਿਆਨ ਦਿਨੋ-ਦਿਨ ਤਰੱਕੀ ਕਰ ਰਿਹਾ ਹੈ ਤੇ ਹਰ ਰੋਜ਼ ਬਿਮਾਰੀਆਂ ਦਾ ਇਲਾਜ ਲੱਭ ਰਿਹਾ ਹੈ, ਉੱਥੇ ਹੀ ਹਜ਼ਾਰਾਂ ਸਾਲ ਪੁਰਾਣੀ ਪ੍ਰਣਾਲੀ ਆਯੁਰਵੇਦ, ਯੋਗ ਅਤੇ ਨੈਚੁਰੋਪੈਥੀ ਅੱਜ ਦੇ ਯੁੱਗ ਵਿਚ ਵੀ ਤਨ-ਮਨ ਦੀ ਤੰਦਰੁਸਤੀ ਲਈ ਸਾਰਥਕ ਸਾਬਿਤ ਹੋ ਰਹੀ ਹੈ। ਜੇ ਕੋਈ ਵਿਅਕਤੀ ਯੋਗ, ਨੈਚਰੋਪੈਥੀ ਜਾਂ ਫਿਰ ਆਯੁਰਵੇਦ ਨੂੰ ਅਪਣਾਉਣਾ ਚਾਹੁੰਦੇ ਹੋਵੇ ਤਾਂ ਇਸ ਲਈ ਮਾਹਿਰ ਆਯੁਰਵੇਦਿਕ ਡਾਕਟਰ, ਨੈਚਰੋਪੈਥਿਕ ਡਾਕਟਰ ਜਾਂ ਯੋਗ ਅਚਾਰੀਆ ਦੀ ਸਲਾਹ ਬਹੁਤ ਜ਼ਰੂਰੀ ਹੈ ਪਰ ਇਸ ਦੇ ਨਾਲ ਹੀ ਦਿਲ ਦੇ ਮਾਹਿਰ ਡਾਕਟਰ ਵੱਲੋਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਨੀ ਵੀ ਜ਼ਰੂਰੀ ਹੈ।

# ਸੰਭਵ ਹੈ ਡਿਪਰੈਸ਼ਨ ਤੋਂ ਛੁਟਕਾਰਾ



ਹਰ ਵਿਅਕਤੀ ਦੀ ਜ਼ਿੰਦਗੀ ਵਿੱਚ ਅਜਿਹੇ ਉਤਾਰ ਚੜ੍ਹਾਅ ਆਉਂਦੇ ਹਨ ਅਤੇ ਅਜਿਹੇ ਹਾਲਾਤ ਬਣਦੇ ਹਨ ਕਿ ਉਹਨਾਂ ਦਾ ਉਦਾਸ ਹੋ ਜਾਣਾ ਮਨੁੱਖੀ ਸੁਭਾਅ ਅਨੁਸਾਰ ਸੁਭਾਵਿਕ ਹੈ। ਉਦਾਸੀ ਕਈ ਵਾਰੀ ਬਹੁਤ ਥੋੜ੍ਹੇ ਸਮੇਂ ਲਈ



ਰਹਿੰਦੀ ਹੈ ਅਤੇ ਕਈ ਵਾਰ ਇਹ ਲੰਬਾ ਸਮਾਂ ਚੱਲ ਜਾਂਦੀ ਹੈ ਅਤੇ ਕਈ ਵਾਰ ਇਹ ਡਿਪਰੈਸ਼ਨ ਵਿੱਚ ਬਦਲ ਜਾਂਦੀ ਹੈ। ਡਿਪਰੈਸ਼ਨ ਤੇ ਉਦਾਸੀ ਵਿੱਚ ਫਰਕ ਹੁੰਦਾ ਹੈ, ਆਮ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਦੁਖੀ ਹੋਣ ਤੋਂ ਪਹਿਲਾਂ ਜੋ ਚੀਜ਼ਾਂ ਬਹੁਤ ਪਸੰਦ ਸੀ ਜੇਕਰ ਉਹ ਅੱਜ ਵੀ ਖੁਸ਼ੀ ਦਿੰਦੀਆਂ ਹਨ ਤਾਂ ਤੁਹਾਨੂੰ ਡਿਪਰੈਸ਼ਨ ਨਹੀਂ ਹੈ। ਡਿਪਰੈਸ਼ਨ ਪੀੜਤ ਵਿਅਕਤੀ ਉਹਨਾਂ ਚੀਜਾਂ ਤੋਂ ਵੀ ਖੁਸ਼ ਨਹੀਂ ਹੁੰਦਾ ਜੋ ਉਸਨੂੰ ਪਸੰਦ ਸੀ। ਡਿਪਰੈਸ਼ਨ ਦੇ ਵੱਖੋ ਵੱਖਰੇ ਕਾਰਨ ਹੋ ਸਕਦੇ ਹਨ ਜਿਵੇਂ ਕਿ ਕਿਸੇ ਕਰੀਬੀ ਦੀ ਮੌਤ, ਹਾਰਮੋਨਜ ਵਿੱਚ ਬਦਲਾਅ ਅਤੇ ਕਿਸੇ ਗੰਭੀਰ ਬੀਮਾਰੀ ਤੋਂ ਪੀੜਤ ਹੋਣਾ, ਨਤੀਜਾ ਖਰਾਬ ਆਉਣਾ, ਕਿਸੇ ਕੰਮ ਵਿੱਚ ਉਮੀਦ ਅਨੁਸਾਰ ਸਫਲਤਾ ਨਾ ਮਿਲੇ ਜਾਂ ਕੰਮ ਬਿਗੜ ਜਾਵੇ, ਨੌਕਰੀ ਚਲੀ ਜਾਵੇ, ਕਰਜ਼ ਵਿੱਚ ਡੁੱਬਣ ਦੀ ਸਥਿਤੀ ਵਿੱਚ ਵੀ ਵਿਅਕਤੀ ਡਿਪਰੈਸ਼ਨ ਵਿੱਚ ਚਲਾ ਜਾਂਦਾ ਹੈ। ਜੋ ਡਿਪਰੈਸ਼ਨ ਤੋਂ ਪੀੜਤ ਹੁੰਦੇ ਹਨ ਉਹਨਾਂ ਨੂੰ ਇਹ ਪਤਾ ਹੀ ਨਹੀਂ ਲੱਗ ਪਾਉਂਦਾ ਕਿ ਉਹ ਡਿਪਰੈਸ਼ਨ ਦਾ ਸ਼ਿਕਾਰ ਹਨ। ਇਸ ਦੇ ਲਈ ਜ਼ਰੂਰੀ ਹੈ ਕਿ ਪੀੜਤ ਦੇ ਨਜ਼ਦੀਕੀ ਸਥਿਤੀਆਂ ਨੂੰ ਸਮਝਣ ਅਤੇ ਤੁਰੰਤ ਬਣਦੀ ਮੱਦਦ ਸ਼ੁਰੂ ਕਰਨ। ਲਗਾਤਾਰ ਸ਼ਾਂਤ ਰਹਿਣਾ ਅਤੇ ਰੋਜ਼ਾਨਾ ਦੀ ਕਿਸੇ ਵੀ ਗਤੀਵਿਧੀ ਵਿੱਚ ਰੁਚੀ ਨਾ ਲੈਣਾ, ਨੀਰਸਤਾ ਭਰ ਜਾਣਾ, ਦੋਸਤ, ਪਰਿਵਾਰ ਅਤੇ ਸਮਾਜ ਤੋਂ ਵੀ ਕੱਟਿਆ ਰਹਿਣਾ, ਜ਼ਿਆਦਾ ਚਿੰਤਾ ਕਰਨਾ, ਜੀਵਨ ਦੇ ਪ੍ਰਤੀ ਨਕਰਾਤਮਕ ਨਜ਼ਰੀਆ ਰੱਖਣਾ, ਗੱਲ ਗੱਲ ਤੇ ਗੁੱਸਾ ਕਰਨਾ, ਦੁਖੀ ਰਹਿਣਾ, ਨੀਂਦ ਵੱਧ ਆਉਣਾ ਜਾਂ ਬਹੁਤ ਘੱਟ ਆਉਣਾ, ਹਮੇਸ਼ਾਂ ਖੁਦ ਨੂੰ ਕੋਸਦੇ ਰਹਿਣਾ ਅਤੇ ਖੁਸ਼ੀ ਦੇ ਮੌਕਿਆਂ ਤੇ ਵੀ ਦੁਖੀ ਰਹਿਣਾ, ਹਮੇਸ਼ਾ ਨੈਗੇਟਿਵ ਗੱਲਾਂ ਕਰਨਾ ਅਤੇ ਕਿਸੇ ਨੂੰ ਵੀ ਮਿਲਣ ਤੋਂ ਬੱਚਣਾ, ਵੱਧ ਖਾਣਾ ਜਾਂ ਸਾਧਾਰਨ ਤੋਂ ਘੱਟ ਖਾਣਾ ਅਤੇ ਚਿੜ ਕੇ ਜਵਾਬ ਦੇਣਾ, ਵਜ਼ਨ ਦਾ ਅਚਾਨਕ ਵੱਧਣਾ ਜਾਂ ਤੇਜੀ ਨਾਲ ਘੱਟਣਾ, ਥੱਕਿਆ ਥੱਕਿਆ ਮਹਿਸੂਸ ਕਰਨਾ ਡਿਪਰੈਸ਼ਨ ਦੇ ਆਮ ਲੱਛਣ ਹਨ। ਵਾਰ ਵਾਰ ਮੌਤ ਜਾਂ ਆਤਮ ਹੱਤਿਆ ਦੇ ਵਿਚਾਰ ਆਉਣਾ ਵੀ ਡਿਪਰੈਸ਼ਨ ਦਾ ਲੱਛਣ ਹੈ। ਡਿਪਰੈਸ਼ਨ ਇੱਕ ਮਾਨਸਿਕ ਸਮੱਸਿਆ ਹੈ ਪਰੰਤੂ ਇਹ ਪੀੜਤ ਨੂੰ ਸਰੀਰਕ ਰੂਪ ਤੋਂ ਵੀ ਪ੍ਰਭਾਵਿਤ ਕਰਦੀ ਹੈ ਜਿਵੇਂ ਥਕਾਵਟ, ਦੁਬਲਾਪਨ ਜਾਂ ਮੋਟਾਪਾ, ਦਿਲ ਦੀਆਂ ਬਿਮਾਰੀਆਂ, ਸਿਰ ਪੀੜ ਆਦਿ। ਡਿਪਰੈਸ਼ਨ ਸੰਬੰਧੀ ਇਲਾਜ ਦੀ ਸ਼ੁਰੂਆਤ ਮਨੋਵਿਗਿਆਨੀ /ਸਾਈਕੇਟਰਿਸਟ ਨਾਲ ਮੁਲਾਕਾਤ ਤੋਂ ਹੁੰਦੀ ਹੈ। ਡਿਪਰੈਸ਼ਨ ਇੱਕ ਬਹੁਤ ਹੀ ਆਮ ਪਰੰਤੂ ਗੰਭੀਰ ਸਮੱਸਿਆ ਹੈ ਜਿਸਤੋਂ ਬਾਹਰ ਆਉਣ ਲਈ ਪੀੜਤ ਨੂੰ ਮਨੋਵਿਗਿਆਨੀ /ਸਾਈਕੇਟਰਿਸਟ ਦੀ ਸਹਾਇਤਾ ਲੋੜੀਂਦੀ ਹੁੰਦੀ ਹੈ। ਡਿਪਰੈਸ਼ਨ ਦੇ ਇਲਾਜ ਲਈ ਸਹੀ ਜਾਣਕਾਰੀ ਬਹੁਤ ਜ਼ਰੂਰੀ ਹੈ। ਡਿਪਰੈਸ਼ਨ ਕੋਈ ਪਾਗਲਪਨ ਨਹੀਂ ਹੁੰਦਾ ਅਤੇ ਡਿਪਰੈਸ਼ਨ ਦੇ ਜ਼ਿਆਦਾਤਰ ਮਰੀਜ ਪੂਰੀ ਤਰ੍ਹਾਂ ਠੀਕ ਹੋ ਸਕਦੇ ਹਨ। ਡਿਪਰੈਸ਼ਨ ਹੋਣ ਦੀ ਸਥਿਤੀ ਵਿੱਚ ਵਹਿਮਾਂ ਭਰਮਾਂ ਵਿੱਚ ਨਹੀਂ ਪੈਣਾ ਚਾਹੀਦਾ, ਜਾਦੂ ਟੂਣਿਆਂ, ਬਾਬਿਆਂ ਦੇ ਚੱਕਰਾਂ ਵਿੱਚ ਪੈਣ ਤੋਂ ਬਚਣਾ ਚਾਹੀਦਾ ਹੈ। ਪੀੜਤ ਨੂੰ ਇਸ ਸਮੱਸਿਆ ਤੋਂ ਨਿਜਾਤ ਪਾਉਣ ਵਿੱਚ ਮਨੋਵਿਗਿਆਨੀ/ਸਾਈਕੇਟਰਿਸਟ ਅਤੇ ਮਰੀਜ ਦੇ ਨਾਲ ਨਾਲ ਉਸਦੇ ਪਰਿਵਾਰ ਅਤੇ ਨਜ਼ਦੀਕੀਆਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ- 604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਲਟਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ ਈਮੇਲ ਕਰੋ- happy9284@yahoo.com

***************

ਭਾਰਤ ਵਿੱਚ ਸੇਲ ਮੈਨੇਜਰ, ਰਾਮਦਾਸੀਆ ਸਿੱਖ ਮੇਹਟਨ ਪਰਿਵਾਰ ਨਾਲ ਸੰਬੰਧਤ, ਉਮਰ 29 ਸਾਲ, ਕੱਦ 5'11", ਪੋਸਟ ਗ੍ਰੈਜੂਏਟ, ਸੁੰਦਰ, ਨਸ਼ਿਆਂ ਤੋਂ ਰਹਿਤ ਲੜਕੇ ਲਈ ਪੜ੍ਹੇ-ਲਿਖੇ ਪਰਿਵਾਰ ਦੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀਆਰ/ਵਰਕ ਪਰਮਿਟ ਹੋਲਡਰ, ਪੜ੍ਹੀ-ਲਿਖੀ ਅਤੇ ਸੁੰਦਰ ਹੋਣੀ ਚਾਹੀਦੀ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕੈਨੇਡਾ ਵਿੱਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ: 604-505-6176 ਜਾਂ ਈਮੇਲ -wirte2rkj@gmial.com

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, ਭਛੀਠ ਤੋਂ 2 ਓਅ੍ਰਸ਼ੀਠ ਧੀਫਲੌਮ੍ਹ ਲਦਏਰ, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ੂਚਹਣਟ ਫਹੋਟੋ ਅਨਦ ਬਿਓਡੳਟੳ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

***************

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ। Contact: 604-897-1298,
Whatsapp Number: 99-156-52029

***************

INA ਪਰਿਵਾਰ ਵਿਚ ਜੰਮਪਲ, ਜੱਟ ਸਿੱਖ, Orphan ਲੜਕੀ, ਉਮਰ 30 ਸਾਲ, ਕੱਦ 5'6", Rural Landlord, ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਹਮ-ਉਮਰ ਜੱਟ ਸਿੱਖ ਵਰ ਦੀ ਲੋੜ ਹੈ। ਵਿਧਰ/ਤਲਾਕਸ਼ੁਦਾ ਵੀ ਵਿਚਾਰ ਅਧੀਨ। ਸੰਪਰਕ: 778-344-3108

***************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋਣ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ **Concrete Breaking ਅਤੇ Coring** ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ। ਸੰਪਰਕ ਕਰੋ: **604-250-7893**

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ- ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# 'ਸੱਚ ਅਤੇ ਅਹਿੰਸਾ' ਦੇ ਅਵਤਾਰ ਭਗਵਾਨ ਮਹਾਵੀਰ ਸਵਾਮੀ




ਜੈਨ ਧਰਮ ਦੇ 24ਵੇਂ ਤੀਰਥੰਕਰ, ਸੱਚ ਅਤੇ ਅਹਿੰਸਾ ਦੇ ਅਗਰਦੂਤ ਭਗਵਾਨ ਮਹਾਵੀਰ ਲਗਭਗ 2600 ਸਾਲ ਪਹਿਲਾਂ ਬਿਹਾਰ ਦੇ ਕੁੰਡਗ੍ਰਾਮ ਨਗਰ ਦੇ ਰਾਜਾ ਸਿਧਾਰਥ ਅਤੇ ਮਹਾਰਾਣੀ ਤ੍ਰਿਸ਼ਲਾ ਦੇ ਘਰ ਚੇਤ ਦੇ ਸ਼ੁਕਲ ਤ੍ਰਯੋਦਸ਼ੀ ਦੇ ਪਵਿੱਤਰ ਦਿਨ ਪੈਦਾ ਹੋਏ। ਇਸ ਪੁੰਨ ਆਤਮਾ ਦੇ ਅਵਤਰਿਤ (ਪੈਦਾ) ਹੁੰਦੇ ਹੀ ਰਾਜਾ ਸਿਧਾਰਥ ਦੇ ਸੁਖ, ਮਾਣ-ਸਨਮਾਨ, ਧਨ ਆਦਿ 'ਚ ਲਗਾਤਾਰ ਵਾਧਾ ਹੋਣ ਲੱਗਾ। ਇਸੇ ਕਾਰਨ ਰਾਜਕੁਮਾਰ ਦਾ ਨਾਂ ਵਰਧਮਾਨ ਰੱਖਿਆ ਗਿਆ। ਵਰਧਮਾਨ ਬਚਪਨ ਤੋਂ ਹੀ ਬੜੇ ਸਾਹਸੀ ਅਤੇ ਨਿਡਰ ਸਨ ਅਤੇ ਪਰਾਕ੍ਰਮ ਦੇ ਕਾਰਨ ਬਾਲਕ ਵਰਧਮਾਨ ਮਹਾਵੀਰ ਦੇ ਨਾਂ ਨਾਲ ਪ੍ਰਸਿੱਧ ਹੋ ਗਏ। ਰਾਜਕੁਮਾਰ ਵਰਧਮਾਨ ਨੌਜਵਾਨ ਅਵਸਥਾ 'ਚ ਪ੍ਰਵੇਸ਼ ਕਰ ਚੁੱਕੇ ਸਨ ਪਰ ਉਨ੍ਹਾਂ ਦਾ ਮਨ ਸੰਸਾਰਕ ਕੰਮਾਂ ਤੋਂ ਦੂਰ ਹੀ ਸੀ। ਮਹੱਲ 'ਚ ਰਹਿੰਦੇ ਹੋਏ ਵੀ ਉਹ ਯੋਗੀ ਜਿਹੀ ਜ਼ਿੰਦਗੀ ਬਤੀਤ ਕਰ ਰਹੇ ਸੀ ਅਤੇ ਇਕਾਂਤ ਸਮੇਂ 'ਚ ਘੰਟਿਆਂ-ਬੱਧੀ ਚਿੰਤਾ 'ਚ ਡੁੱਬੇ ਰਹਿੰਦੇ। ਰਾਜਾ ਸਿਧਾਰਥ ਉਨ੍ਹਾਂ ਦੀ ਇਸ ਚਿੰਤਨਸ਼ੀਲ ਪ੍ਰਵ੍ਰਿਤੀ ਤੋਂ ਡਰਦੇ ਸਨ। ਇਸ ਲਈ ਕੌਸ਼ਲ ਨਰੇਸ਼ ਸਮਰਵੀਰ ਦੀ ਸਪੁੱਤਰੀ ਯਸ਼ੋਦਾ ਨਾਲ ਉਨ੍ਹਾਂ ਦਾ ਵਿਆਹ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੇ ਘਰ ਇਕ ਪੁੱਤਰੀ ਦਾ ਜਨਮ ਹੋਇਆ, ਜਿਸ ਦਾ ਨਾਂ ਪ੍ਰਿਯਦਰਸ਼ਨਾ ਰੱਖਿਆ ਗਿਆ। 28 ਸਾਲਾਂ ਦੀ ਉਮਰ 'ਚ ਹੀ ਉਨ੍ਹਾਂ ਦੇ ਮਾਤਾ-ਪਿਤਾ ਦਾ ਦੇਹਾਂਤ ਹੋ ਗਿਆ। ਪਰਿਵਾਰ ਅਤੇ ਪ੍ਰਜਾ ਵਲੋਂ ਬਹੁਤ ਜ਼ਿਆਦਾ ਜ਼ੋਰ ਪਾਉਣ 'ਤੇ ਵੀ ਆਪ ਨੇ ਰਾਜ ਸਿੰਘਾਸਨ 'ਤੇ ਬੈਠਣਾ ਸਵੀਕਾਰ ਨਹੀਂ ਕੀਤਾ। ਆਪਣੇ ਵੱਡੇ ਭਰਾ ਨੰਦੀਵਰਧਨ ਦੇ ਕਹਿਣ 'ਤੇ ਉਨ੍ਹਾਂ ਨੂੰ ਦੋ ਸਾਲ ਹੋਰ ਘਰ 'ਚ ਰੁਕਣਾ ਪਿਆ। ਉਹ ਲਗਾਤਾਰ ਚਿੰਤਨ ਮਨਨ ਅਤੇ ਗਿਆਨ ਧਿਆਨ 'ਚ ਆਪਣਾ ਸਮਾਂ ਬਤੀਤ ਕਰਦੇ ਸਨ। 30 ਸਾਲ ਦੀ ਉਮਰ 'ਚ ਵਿਸ਼ਾਲ ਸਾਮਰਾਜ ਨੂੰ ਠੁਕਰਾ ਕੇ ਉਹ ਭਿਕਸ਼ੂ ਬਣ ਕੇ ਨਿਰਜਨ ਜੰਗਲਾਂ ਵੱਲ ਚਲ ਪਏ। ਸਾਧਨਾ ਕਾਲ ਦੌਰਾਨ ਦੁੱਖ ਅਤੇ ਮੁਸੀਬਤਾਂ ਵੀ ਉਨ੍ਹਾਂ ਦੇ ਮਾਰਗ 'ਚ ਰੁਕਾਵਟ ਪੈਦਾ ਨਾ ਕਰ ਸਕੀਆਂ। ਇਸ ਲਈ ਸਾਢੇ 12 ਸਾਲਾਂ ਦੀ ਸਖਤ ਸਾਧਨਾ ਦੇ ਸਿੱਟੇ ਵਜੋਂ ਵੈਸ਼ਾਖ ਸ਼ੁਕਲ ਦਸ਼ਮੀ ਦੇ ਦਿਨ ਜ੍ਰਿਭਕ ਪਿੰਡ ਦੇ ਨੇੜੇ ਵਗਣ ਵਾਲੀ ਨਦੀ ਦੇ ਕੰਢੇ 'ਤੇ ਉਨ੍ਹਾਂ ਨੂੰ 'ਸਿਰਫ ਗਿਆਨ' ਦੀ ਪ੍ਰਾਪਤੀ ਹੋਈ, ਜਿਸ ਦੇ ਪ੍ਰਕਾਸ਼ ਨਾਲ ਚਾਰੇ ਦਿਸ਼ਾਵਾਂ ਆਲੋਕਿਤ ਹੋ ਉੱਠੀਆਂ।ਭਗਵਾਨ ਮਹਾਵੀਰ ਦਾ ਮੂਲਮੰਤਰ ਸੀ 'ਖੁਦ ਜੀਓ ਅਤੇ ਦੂਸਰਿਆਂ ਨੂੰ ਜਿਊਣ ਦਿਓ।" ਨਾਰੀ ਜਾਤੀ ਦੇ ਉਦਾਰ ਲਈ ਉਨ੍ਹਾਂ ਨੇ ਨਾਰੀ ਨੂੰ ਸਮਾਜ 'ਚ ਸਮਾਨਤਾ ਦਾ ਅਧਿਕਾਰ ਦਿਵਾਇਆ। ਉਨ੍ਹਾਂ ਸਪਸ਼ਟ ਸ਼ਬਦਾਂ 'ਚ ਕਿਹਾ ਸੀ ਕਿ ਮਰਦ ਹੀ ਮੋਕਸ਼ ਦਾ ਅਧਿਕਾਰੀ ਨਹੀਂ ਹੈ, ਸਗੋਂ ਨਾਰੀ ਵੀ ਆਪਣੇ ਤਪ-ਤਿਆਗ ਅਤੇ ਗਿਆਨ-ਅਰਾਧਨਾ ਨਾਲ ਮੋਕਸ਼ ਦੀ ਅਧਿਕਾਰੀ ਬਣ ਸਕਦੀ ਹੈ। ਇਸ ਲਈ ਉਨ੍ਹਾਂ ਨੇ ਨਾਰੀ ਨੂੰ ਵੀ ਆਪਣੇ ਸੰਘ 'ਚ ਦੀਕਸ਼ਾ ਪ੍ਰਦਾਨ ਕੀਤੀ। ਉਨ੍ਹਾਂ ਦੇ ਸੰਘ 'ਚ 14,000 ਸਾਧੂ ਅਤੇ 36000 ਸਾਧਵੀਆਂ ਸਨ। ਉਨ੍ਹਾਂ ਦਾ ਅੰਤਿਮ ਚਾਤੁਰਮਾਸ ਪਾਵਾਪੁਰੀ 'ਚ ਰਾਜਾ ਹਸਤੀਪਾਲ ਦੀ ਲੇਖਸ਼ਾਲਾ 'ਚ ਹੋਇਆ। ਸਵਾਤੀ ਨਕਸ਼ਤਰ ਦਾ ਯੋਗ ਚਲ ਰਿਹਾ ਸੀ। ਭਗਵਾਨ ਲੰਮੇ ਸਮੇਂ ਤੋਂ ਲਗਾਤਾਰ ਧਰਮ ਪ੍ਰਵਚਨ ਕਰ ਰਹੇ ਸਨ ਅਤੇ ਕੱਤਕ ਦੇ ਮਹੀਨੇ ਦੀ ਮੱਸਿਆ ਨੂੰ ਪਰਿਨਿਰਵਾਣ ਨੂੰ ਪ੍ਰਾਪਤ ਹੋ ਗਏ। ਅੱਜ ਵੀ ਭਗਵਾਨ ਮਹਾਵੀਰ ਦੀ ਜ਼ਿੰਦਗੀ ਅਤੇ ਸਿਧਾਂਤ ਉਪਯੋਗੀ ਅਤੇ ਜ਼ਿੰਦਗੀ ਨੂੰ ਸੁਖਮਈ ਬਣਾਉਣ 'ਚ ਸਮਰੱਥ ਹਨ। **—ਵਰਿੰਦਰ ਕੌਰ**

NORTHCOAST LUMBER 1

CALL THE **TRUE CONTRACTORS** YARD *TODAY*

604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract





*Residential & Commercial*

Gurvinder Sanghera: 604-729-1435
Email: gsanghera77@gmail.com

# ਗੁੱਡ ਫਰਾਈਡੇਅ ’ਤੇ ਵਿਸ਼ੇਸ਼

**ਸ਼ੈਲੀ ਅਲਬਰਟ**

ਪਵਿੱਤਰ ਬਾਈਬਲ ਵਿੱਚ ਬਹੁਤ ਸਾਰੀਆਂ ਕੁਰਬਾਨੀਆਂ ਦਾ ਜ਼ਿਕਰ ਹੈ, ਪਰ ਪ੍ਰਭੂ ਯਿਸੂ ਮਸੀਹ ਦੀ ਕੁਰਬਾਨੀ ਨੂੰ ਹੀ ਸਰਵਸ਼੍ਰੇਸ਼ਟ ਮੰਨਿਆ ਗਿਆ ਹੈ ਕਿਉਂਕਿ ਪ੍ਰਭੂ ਯਿਸੂ ਮਸੀਹ ਦੇ ਦੁਨੀਆਂ ਵਿੱਚ ਮਨੁੱਖ ਦੇ ਰੂਪ ਵਿੱਚ ਆਉਣ, ਸਲੀਬੀ ਮੌਤ ਅਤੇ ਉਨ੍ਹਾਂ ਦਾ ਤੀਜੇ ਦਿਨ ਮੁੜ ਜੀ ਉੱਠਣਾ ਪ੍ਰਮੇਸ਼ਵਰ ਦੀ ਯੋਜਨਾ ਸੀ। ਪ੍ਰਭੂ ਯਿਸੂ ਮਸੀਹ ਬਾਰੇ ਪ੍ਰਮੇਸ਼ਵਰ ਨੇ ਆਪਣੇ ਭੇਜੇ ਹੋਏ ਨਬੀਆਂ ਜ਼ਰੀਏ ਉਨ੍ਹਾਂ ਦੀ ਜ਼ੁਬਾਨੀ ਹਜ਼ਾਰਾਂ ਸਾਲ ਪਹਿਲਾਂ ਹੀ ਭਵਿੱਖਬਾਣੀਆਂ ਕਰ ਦਿੱਤੀਆਂ ਸਨ ਜੋ ਪਵਿੱਤਰ ਬਾਈਬਲ ਦੇ ਪੁਰਾਣੇ ਅਹਿਦਨਾਮੇ ਵਿੱਚ ਦਰਜ ਹਨ। ਪਵਿੱਤਰ ਬਾਈਬਲ ਦਾ ਪੁਰਾਣਾ ਅਹਿਦਨਾਮਾ ਮਸੀਹ ਦੇ ਜਨਮ ਤੋਂ ਹਜ਼ਾਰਾਂ ਸਾਲ ਪਹਿਲਾਂ ਨਬੀਆਂ ਨੇ ਪ੍ਰਮੇਸ਼ਵਰ ਦੀ ਅਗਵਾਈ ਹੇਠ ਲਿਖਿਆ ਸੀ। ਪਵਿੱਤਰ ਬਾਈਬਲ ਅਨੁਸਾਰ ਪ੍ਰਮੇਸ਼ਵਰ ਆਪਣੇ ਨਬੀਆਂ ਨਾਲ ਸਿੱਧੀ ਗੱਲ ਕਰਦਾ ਸੀ। ਬਾਈਬਲ ਵਿੱਚ ਨਬੀਆਂ ਅਤੇ ਪ੍ਰਮੇਸ਼ਵਰ ਨੇ ਖ਼ੁਦ ਪ੍ਰਭੂ ਯਿਸੂ ਮਸੀਹ ਨੂੰ ਪ੍ਰਮੇਸ਼ਵਰ ਦਾ ਪੁੱਤਰ ਕਿਹਾ ਹੈ। ਯਹੂੰਨਾ ਨਬੀ ਨੇ ਆਪਣੀ ਪੋਥੀ ਵਿੱਚ ਲਿਖਿਆ ਹੈ ਕਿ ‘ਪ੍ਰਮੇਸ਼ਵਰ ਨੇ ਜਗਤ ਨਾਲ ਅਜਿਹਾ ਪਿਆਰ ਕੀਤਾ ਕਿ ਉਸ ਨੇ ਆਪਣਾ ਇਕਲੌਤਾ ਬੇਟਾ ਦੇ ਦਿੱਤਾ ਤਾਂ ਜੋ ਕੋਈ ਵੀ ਉਸ ‘ਤੇ ਵਿਸ਼ਵਾਸ ਕਰੇ, ਹਲਾਕ ਨਾ ਹੋਵੇ ਬਲਕਿ ਹਮੇਸ਼ਾਂ ਦਾ ਜੀਵਨ ਪਾਏ।‘ ਇਸ ਤੋਂ ਇਲਾਵਾ ਯਹੂੰਨਾ ਨਬੀ ਦੀ ਪੁਸਤਕ ਵਿੱਚ ਇਿਜ



ਲਿਖਿਆ ਹੈ ਕਿ ‘ਤੇ ਸ਼ਬਦ ਦੇਹਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਪੁੱਤਰ ਵਰਗਾ ਡਿੱਠਾ।‘ ਇੱਥੇ ‘ਸ਼ਬਦ‘ ਪ੍ਰਭੂ ਯਿਸੂ ਮਸੀਹ ਲਈ ਵਰਤਿਆ ਗਿਆ ਹੈ, ਜਿਸ ਦਾ ਜ਼ਿਕਰ ਪਵਿੱਤਰ ਬਾਈਬਲ ਦੀ ਪਹਿਲੀ ਪੋਥੀ ਦੀ ਉਤਪਤੀ ਵਿੱਚ ਵੀ ਕੀਤਾ ਹੋਇਆ ਹੈ। ਯਹੂੰਨਾ ਨਬੀ ਵੱਲ ਜਦੋਂ ਪ੍ਰਭੂ ਯਿਸੂ ਮਸੀਹ ਆ ਰਿਹਾ ਸੀ ਤਾਂ ਯਹੂੰਨਾ ਨੇ ਕਿਹਾ ਕਿ ‘ਵੇਖੋ ਪ੍ਰਮੇਸ਼ਰ ਦਾ ਲੇਲਾ (ਅਰਥਾਤ ਪੁੱਤਰ) ਜਿਹੜਾ ਜਗਤ ਦੇ ਪਾਪ ਚੁੱਕ ਲੈ ਜਾਂਦਾ ਹੈ ਇਹ ਉਹ ਹੈ ਜਿਸ ਦੇ ਬਾਰੇ ਮੈਂ ਆਖਦਾ ਸਾਂ ਕਿ ਮੇਰੇ ਮਗਰੋਂ ਇੱਕ ਪੁਰਖ ਆਉਂਦਾ ਹੈ ਜੋ ਮੈਥੋਂ ਵੱਡਾ ਬਣਿਆ ਕਿਉਂਕਿ ਉਹ ਮੈਥੋਂ ਪਹਿਲੋਂ ਸੀ।‘ ਪ੍ਰਭੂ ਯਿਸੂ ਮਸੀਹ ਨੇ ਖ਼ੁਦ ਆਪਣੀ ਸਲੀਬੀ ਮੌਤ ਬਾਰੇ ਇੱਥੋਂ ਤਕ ਕਿ ਉਨ੍ਹਾਂ ਨੇ ਆਪਣੇ ਫੜਵਾਉਣ ਵਾਲੇ ਦਾ ਨਾਂ, ਜਿਹੜਾ ਕਿ ਉਨ੍ਹਾਂ ਦੇ 12 ਚੇਲਿਆਂ ਵਿੱਚੋਂ ਸੀ, ਚੇਲਿਆਂ ਨੂੰ ਦੱਸ ਦਿੱਤਾ ਸੀ। ਪ੍ਰਭੂ ਯਿਸੂ ਮਸੀਹ ਦਾ ਦੁਨੀਆਂ ‘ਤੇ ਆਉਣ ਦਾ ਸਿਰਫ਼ ਇੱਕ ਹੀ ਮਕਸਦ ਪਾਪੀਆਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਮੁਕਤ ਕਰਨਾ ਸੀ। ਉਨ੍ਹਾਂ ਨੇ ਆਪਣੇ ਪਾਪ ਰਹਿਤ ਸਰੀਰ ਦੀ ਪਾਪੀਆਂ ਵਾਸਤੇ ਕੁਰਬਾਨੀ ਦੇ ਦਿੱਤੀ। ਉਹ ਜਿਹੜੇ ਆਪਣੇ ਪਾਪਾਂ ਨੂੰ ਮੰਨਦੇ ਹੋਏ ਇਹ ਸਵੀਕਾਰ ਕਰਦੇ ਹਨ ਕਿ ਪ੍ਰਭੂ ਯਿਸੂ ਮਸੀਹ ਨੇ ਉਨ੍ਹਾਂ ਦੇ ਪਾਪਾਂ ਦੇ ਬਦਲੇ ਵਿੱਚ ਪ੍ਰਮੇਸ਼ਵਰ ਦੇ ਖਾਤੇ ਵਿੱਚੋਂ ਪੂਰੀ ਅਦਾਇਗੀ ਕਰ ਦਿੱਤੀ ਹੈ। ਪ੍ਰਭੂ ਯਿਸੂ ਨੇ ਆਪਣੇ ਜੀਵਨ ਦੇ 30 ਸਾਲ ਆਪਣੇ ਮਾਤਾ-ਪਿਤਾ ਦੀ ਸੇਵਾ ਵਿੱਚ ਗੁਜ਼ਾਰੇ ਅਤੇ ਆਖ਼ਰੀ ਸਾਢੇ ਤਿੰਨ ਸਾਲ ਮਨੁੱਖਤਾ ਦੀ ਰੂਹਾਨੀ ਸੇਵਾ ਕੀਤੀ। ਯਿਸੂ ਨੇ ਜਿੱਥੇ ਮਨੁੱਖਤਾ ਨੂੰ ਪ੍ਰੇਮ, ਸ਼ਾਂਤੀ, ਆਪਸੀ ਭਾਈਚਾਰੇ ਅਤੇ ਪਾਪਾਂ ਤੋਂ ਤੌਬਾ ਕਰਨ ਦਾ ਸੰਦੇਸ਼ ਦਿੱਤਾ, ਉੱਥੇ ਊਚ-ਨੀਚ ਦਾ ਭੇਦ-ਭਾਵ




ਖ਼ਤਮ ਕਰਦਿਆਂ ਬਹੁਤ ਸਾਰੇ ਰੋਗੀਆਂ ਨੂੰ ਤੰਦਰੁਸਤ ਕੀਤਾ। ਇੱਥੋਂ ਤਕ ਕਿ ਰੱਬੀ ਰੂਹਾਨੀ ਸ਼ਕਤੀ ਦੇ ਨਾਲ ਮੁਰਦਿਆਂ ਨੂੰ ਵੀ ਜ਼ਿੰਦਾ ਕੀਤਾ ਅਤੇ ਹੋਰ ਕਈ ਅਚੰਭਿਤ ਕਰਨ ਵਾਲੇ ਕੰਮ ਕੀਤੇ। ਪ੍ਰਭੂ ਯਿਸੂ ਮਸੀਹ ਨੇ ਦੁਨੀਆਂ ‘ਤੇ ਆਉਣ ਵਾਲੀਆਂ ਅਗਾਮੀ ਔਕੜਾਂ ਬਾਰੇ ਮਨੁੱਖ ਨੂੰ ਸੁਚੇਤ ਕਰਦਿਆਂ ਪਾਪਾਂ ਤੋਂ ਤੌਬਾ ਕਰਕੇ ਸਵਰਗ ਦੇ ਰਾਜ ਲਈ ਤਿਆਰ ਹੋਣ ਦਾ ਸੱਦਾ ਦਿੱਤਾ। ਪਰ ਉਸ ਵੇਲੇ ਦੇ ਧਰਮ ਦੇ ਠੇਕੇਦਾਰਾਂ (ਫੱਕੀ ਫਰੀਸੀਆਂ) ਨੇ ਆਪਣੀ ਹੋਂਦ ਨੂੰ ਬਚਾਉਣ ਲਈ ਲੋਕਾਂ ਅਤੇ ਉਸ ਵੇਲੇ ਦੇ ਹਾਕਮਾਂ ਨੂੰ ਇਸ ਰੱਬੀ ਰੂਹ ਵਿਰੁੱਧ ਗੁੰਮਰਾਹ ਕਰਕੇ ਉਨ੍ਹਾਂ ਉੱਤੇ ਲਾਏ ਗ਼ਲਤ ਦੋਸ਼ਾਂ ਤਹਿਤ ਸਲੀਬੀ ਮੌਤ ਦੇਣ ਲਈ ਮਜਬੂਰ ਕਰ ਦਿੱਤਾ। ਪ੍ਰਭੂ ਯਿਸੂ ਮਸੀਹ ਨੇ ਆਪਣੇ ਪ੍ਰਾਣ ਤਿਆਗਣ ਤੋਂ ਪਹਿਲਾਂ ਇਹ ਕਹਿ ਕੇ ‘ਪੂਰਾ ਹੋਇਆ‘ ਪ੍ਰਮੇਸ਼ਵਰ ਦੀ ਯੋਜਨਾ ਨੂੰ ਸਰਅੰਜਾਮ ਦਿੱਤਾ। ਜਦੋਂ ਪ੍ਰਭੂ ਯਿਸੂ ਮਸੀਹ ਨੇ ਸਲੀਬ ‘ਤੇ ਆਪਣੇ ਪ੍ਰਾਣ ਤਿਆਗੇ ਤਾਂ ਹੈਕਲ ਦਾ ਪਰਦਾ ਫਟ ਗਿਆ ਅਤੇ ਸਾਰੀ ਦੁਨੀਆਂ ‘ਤੇ ਹਨੇਰਾ ਛਾ ਗਿਆ ਤਾਂ ਸਲੀਬ ‘ਤੇ ਚੜ੍ਹਾਉਣ ਵਾਲਿਆਂ ਨੇ ਉਦੋਂ ਮੰਨਿਆ ਕਿ ਯਿਸੂ ਤਾਂ ਵਾਕਈ ਧਰਮੀ ਮਨੁੱਖ ਤੇ ਪ੍ਰਮੇਸ਼ਵਰ ਦਾ ਪੁੱਤਰ ਸੀ। ਪ੍ਰਭੂ ਯਿਸੂ ਦਾ ਬਲੀਦਾਨ ਦਿਵਸ ‘ਗੁੱਡ ਫਰਾਈਡੇਅ‘ ਦੇ ਤੌਰ ‘ਤੇ ਸਾਰੀ ਦੁਨੀਆਂ ਦੇ ਮਸੀਹੀ ਵਿਸ਼ਵਾਸੀ ਬੜੀ ਸ਼ਰਧਾ ਨਾਲ ਮਨਾਉਂਦੇ ਹਨ। ਉਨ੍ਹਾਂ ਦੀ ਯਾਦ ਵਿੱਚ ਚਾਲੀ ਰੋਜ਼ੇ ਵੀ ਰੱਖਦੇ ਹਨ। ਮਸੀਹੀ ਵਿਸ਼ਵਾਸੀ ਤੇ ਹੋਰ ਉਨ੍ਹਾਂ ਦੇ ਨਾਮ ਲੇਵਾ ‘ਗੁੱਡ ਫਰਾਈਡੇਅ‘ ਨੂੰ ਆਪਣੇ ਜੀਵਨ ਵਿੱਚ ਬਹੁਤ ਮਹੱਤਵ ਦਿੰਦੇ ਹਨ ਕਿਉਂਕਿ ਉਹ ਮੰਨਦੇ ਹਨ ਕਿ ਯਿਸੂ ਮਸੀਹ ਨੇ ਆਪਣਾ ਵਡਮੁੱਲਾ ਬਲੀਦਾਨ ਦੇ ਕੇ ਉਨ੍ਹਾਂ ਲਈ ਮੁਕਤੀ ਦਾ ਰਾਹ ਖੋਲ੍ਹ ਦਿੱਤਾ ਹੈ। ਇਸ ਦਿਨ ਵਿਸ਼ਵਭਰ ਵਿੱਚ ਮਸੀਹ ਵਿਸ਼ਵਾਸੀ ਰੋਜ਼ਾ ਰੱਖ ਕੇ ਗਿਰਜਾਘਰਾਂ ਵਿੱਚ ਕੀਤੀਆਂ ਜਾਂਦੀਆਂ ਸ਼ੋਕ ਸਭਾਵਾਂ ਵਿੱਚ ਸ਼ਾਮਲ ਹੁੰਦੇ ਹਨ। ਇਨ੍ਹਾਂ ਪ੍ਰਾਰਥਨਾ ਸਭਾਵਾਂ ਵਿੱਚ ਯਿਸੂ ਮਸੀਹ ਦੁਆਰਾ ਮਨੁੱਖਤਾ ਦੇ ਭਲੇ ਲਈ ਉਠਾਏ ਦੁੱਖਾਂ ਦਾ ਜ਼ਿਕਰ ਕੀਤਾ ਜਾਂਦਾ ਹੈ। ਸਾਨੂੰ ਇਸ ਪਵਿੱਤਰ ਦਿਨ ‘ਤੇ ਪਾਪਾਂ ਤੋਂ ਤੌਬਾ ਕਰਨ ਦਾ ਪ੍ਰਣ ਲੈਣਾ ਚਾਹੀਦਾ ਹੈ।




# Filmy ਸਮਾਚਾਰ

## 'ਭੋਲਾ' 'ਚ ਆਪਣੀ ਨਵੀਂ ਦਿਖ ਕਾਰਨ ਸੁਰਖੀਆਂ ਵਿਚ ਹੈ ਤੱਬੂ



ਤੱਬੂ ਨੇ ਆਪਣੇ ਕਰੀਅਰ ਵਿਚ ਇਕ ਤੋਂ ਵੱਧ ਕੇ ਇਕ ਸ਼ਾਨਦਾਰ ਕਿਰਦਾਰ ਨਿਭਾਏ ਹਨ। ਵਧੀਆ ਅਦਾਕਾਰੀ ਕਾਰਨ ਉਹ ਹਮੇਸ਼ਾ ਚਰਚਾ ਵਿਚ ਰਹੀ ਹੈ। ਇਨ੍ਹੀਂ ਦਿਨੀਂ ਇਕ ਵਾਰ ਫਿਰ ਉਹ ਆਪਣੀ ਨਵੀਂ ਫ਼ਿਲਮ 'ਭੋਲਾ' ਵਿਚ ਆਪਣੀ ਦਿਖ ਦੀ ਵਜ੍ਹਾ ਕਰਕੇ ਸੁਰਖੀਆਂ ਵਿਚ ਹੈ। ਇਸ ਫ਼ਿਲਮ ਵਿਚ ਤੱਬੂ ਨੇ ਇਕ ਬੇਹੱਦ ਖ਼ਤਰਨਾਕ ਔਰਤ ਪੁਲਿਸ ਅਫ਼ਸਰ ਦੀ ਭੂਮਿਕਾ ਕੀਤੀ ਹੈ। ਰੇਖਾ ਤੋਂ ਬਾਅਦ ਤੱਬੂ ਹੀ ਇਕ ਇਸ ਤਰ੍ਹਾਂ ਦੀ ਅਦਾਕਾਰਾ ਹੈ ਜਿਸ 'ਤੇ ਪੁਲਿਸ ਅਫ਼ਸਰ ਦੇ ਕਿਰਦਾਰ ਸਭ ਤੋਂ ਜ਼ਿਆਦਾ ਫਬਦੇ ਹਨ। 1999 ਵਿਚ ਆਈ 'ਕੋਹਰਾਮ' ਵਿਚ ਪਹਿਲੀ ਵਾਰ ਤੱਬੂ ਨੇ ਇੰਸਪੈਕਟਰ ਕਿਰਨ ਪਟੇਲ ਦੀ ਭੂਮਿਕਾ ਨਿਭਾਈ ਸੀ। ਫ਼ਿਲਮ ਵਿਚ ਨਾਨਾ ਪਾਟੇਕਰ ਦੇ ਨਾਲ ਉਸ ਦੀ ਕੈਮਿਸਟਰੀ ਬੇਹੱਦ ਕਮਾਲ ਦੀ ਸਾਬਤ ਹੋਈ। ਇਸ ਤੋਂ ਬਾਅਦ ਆਮਿਰ ਖਾਨ ਅਤੇ ਕਾਜੋਲ ਦੀ ਫ਼ਿਲਮ 'ਫਨਾ' (2006) ਵਿਚ ਉਸ ਦਾ ਪੁਲਿਸ ਅਫਸਰ ਦਾ ਕਿਰਦਾਰ ਸੀ। ਬੇਸ਼ੱਕ ਕਿਰਦਾਰ ਛੋਟਾ ਸੀ, ਪਰ ਉਸ ਦੀ ਐਕਟਿੰਗ ਦਾ ਜਲਵਾ ਦੇਖਣ ਲਾਇਕ ਸੀ। 'ਦ੍ਰਿਸ਼ਮ' (2015) ਅਤੇ ਉਸ ਤੋਂ ਬਾਅਦ ਉਸ ਦਾ ਵਿਸਥਾਰ 'ਦ੍ਰਿਸ਼ਮ-2' (2022) ਵਿਚ ਇੰਸਪੈਕਟਰ ਜਨਰਲ ਆਫ਼ ਪੁਲਿਸ ਮੀਰਾ ਦੇਸ਼ਮੁਖ ਦੇ ਰੂਪ ਵਿਚ ਤੱਬੂ ਦੀ ਲਾਜਵਾਬ ਅਦਾਕਾਰੀ ਦੇਖਣ ਕਾਬਿਲ ਸੀ। ਜਿਸ ਤਰ੍ਹਾਂ ਨਾਲ ਵਿਜੈ ਸਾਲਗਾਂਵਕਰ ਦਾ ਕਿਰਦਾਰ ਨਿਭਾਉਣ ਵਾਲੇ ਅਜੈ ਦੇਵਗਨ 'ਤੇ ਥਰਡ ਡਿਗਰੀ ਦੀ ਵਰਤੋਂ ਕਰਦਿਆਂ ਉਸ ਨੂੰ ਜੰਮ ਕੇ ਕੁੱਟਿਆ, ਉਹ ਸਭ ਕੁਝ ਯਾਦਗਾਰ ਬਣ ਕੇ ਰਹਿ ਗਿਆ। ਅਰਜੁਨ ਕਪੂਰ ਦੀ ਫਲਾਪ ਫ਼ਿਲਮ 'ਕੁੱਤੇ' (2023) ਵਿਚ ਵੀ ਤੱਬੂ ਨੇ ਇਕ ਕਾਪ ਪੰਮੀ ਸੰਧੂ ਦੀ ਭੂਮਿਕਾ ਨਿਭਾਈ ਜਿਸ ਨੂੰ ਕਾਫ਼ੀ ਪਸੰਦ ਕੀਤਾ ਗਿਆ। ਪਰ ਹੁਣ ਤੱਕ ਤੱਬੂ ਨੇ ਜੋ ਵੀ ਪੁਲਿਸ ਅਫ਼ਸਰ ਦੇ ਕਿਰਦਾਰ ਨਿਭਾਏ ਹਨ, 'ਭੋਲਾ' ਵਿਚ ਉਸ ਵਲੋਂ ਨਿਭਾਇਆ ਗਿਆ ਕਿਰਦਾਰ ਬਿਲਕੁਲ ਹਟ ਕੇ ਦੱਸਿਆ ਜਾ ਰਿਹਾ ਹੈ। ਫ਼ਿਲਮ ਵਿਚ ਉਸ ਵਲੋਂ ਅਦਾ ਕੀਤੇ ਗਏ ਡਾਇਲਾਗ 'ਆਜ ਰਾਤ ਯਾ ਤੋ ਵੋ ਹਮੇਂ ਢੂੰਡ ਲੇਗਾ ਯਾ ਹਮ ਉਸੇਂ', 'ਬੰਦੂਕ ਕੀ ਨੌਕਰੀ ਕੀ ਹੈ ਗੋਲੀ ਤੋ ਖਾਨੀ ਪੜੇਗੀ' ਅਤੇ 'ਏਕ ਖਾਕੀ ਸੌ ਸ਼ੈਤਾਨ' ਕਈ ਅਦਾਇਗੀ ਬੇਹੱਦ ਸ਼ਾਨਦਾਰ ਹੈ। 'ਭੋਲਾ' ਵਿਚ ਅਜੈ ਦੇਵਗਨ ਵਲੋਂ ਮੁੱਖ ਭੂਮਿਕਾ ਨਿਭਾਏ ਜਾਣ ਦੇ ਨਾਲ ਨਾਲ ਉਨ੍ਹਾਂ ਇਸ ਨੂੰ ਨਿਰਦੇਸ਼ਨ ਵੀ ਦਿੱਤਾ ਹੈ। ਇਸ ਤੋਂ ਪਹਿਲਾਂ ਉਹ 'ਸ਼ਿਵਾਏ', 'ਯੂ ਮੀ ਔਰ ਹਮ' ਅਤੇ 'ਰਨਵੇ 34' ਵਰਗੀਆਂ ਫ਼ਿਲਮਾਂ ਨਿਰਦੇਸ਼ਨ ਕਰ ਚੁੱਕੇ ਹਨ। 'ਭੋਲਾ' ਸੁਪਰਹਿੱਟ ਤਮਿਲ ਫ਼ਿਲਮ 'ਕੈਥੀ' ਦਾ ਅਧਿਕਾਰਕ ਹਿੰਦੀ ਰੀਮੇਕ ਹੈ ਜਿਸ ਨੂੰ ਲੋਕੇਸ਼ ਕਨਗਰਾਜ ਨੇ ਨਿਰਦੇਸ਼ਨ ਕੀਤਾ ਸੀ। 'ਕੈਥੀ' ਵਿਚ ਜੋ ਕਿਰਦਾਰ ਕਾਰਥੀ ਨੇ ਨਿਭਾਇਆ ਸੀ, ਉਸ ਨੂੰ ਇਸ ਰੀਮੇਕ ਵਿਚ ਅਜੈ ਦੇਵਗਨ ਨਿਭਾ ਰਹੇ ਹਨ। ਦੱਖਣ ਭਾਰਤ ਦੀ ਦੀਪਿਕਾ ਕਹੀ ਜਾਣ ਵਾਲੀ ਅਮਲਾ ਪਾਲ ਵੀ 'ਭੋਲਾ' ਦਾ ਹਿੱਸਾ ਹੈ। ਉਹ ਅਜੈ ਦੀ 'ਲਵ ਇੰਟਰੈਸਟ' ਦੀ ਭੂਮਿਕਾ ਵਿਚ ਨਜ਼ਰ ਆਵੇਗੀ।

## ਮੇਰਾ ਪੁੱਤਰ ਮੇਰਾ ਮਾਣ-ਅਮਿਤਾਭ ਬੱਚਨ



ਮੁੰਬਈ-ਸੀਨੀਅਰ ਅਦਾਕਾਰ ਅਮਿਤਾਭ ਬੱਚਨ ਨੇ ਆਪਣੇ ਪੁੱਤਰ ਅਭਿਸ਼ੇਕ ਬੱਚਨ ਦੀਆਂ ਉਪਲਬਧੀਆਂ ਲਈ ਉਸ ਦੀ ਸ਼ਲਾਘਾ ਕੀਤੀ। ਸੀਨੀਅਰ ਅਦਾਕਾਰ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਵੀਡੀਓ ਸਾਂਝੀ ਕਰਦਿਆਂ ਕਿਹਾ, "ਮੇਰਾ ਪੁੱਤਰ...ਮੇਰਾ ਮਾਣ...ਤੇਰੀਆਂ ਉਪਲਬਧੀਆਂ 'ਤੇ ਬਹੁਤ ਮਾਣ ਹੈ...ਚੁੱਪ ਕਰ ਕੇ ਬਿਨਾਂ ਕੋਈ ਆਵਾਜ਼ ਕੀਤਿਆਂ...ਤੂੰ ਸਭ ਤੋਂ ਉੱਚੀ ਆਵਾਜ਼ ਕੀਤੀ ਹੈ।" ਸਾਂਝੀ ਕੀਤੀ ਇਸ ਵੀਡੀਓ ਵਿੱਚ ਅਭਿਸ਼ੇਕ ਬੱਚਨ ਫਿਲਮ 'ਸਰਕਾਰ ਰਾਜ' ਲਈ ਐਵਾਰਡ ਹਾਸਲ ਕਰ ਰਿਹਾ ਹੈ ਅਤੇ ਦੂਜੇ ਸੀਨ ਵਿੱਚ ਉਹ ਆਪਣੀ ਟੀਮ 'ਜੈਪੁਰ ਪਿੰਕ ਪੈਂਥਰਜ਼' ਦਾ ਉਤਸਾਹ ਵਧਾ ਰਿਹਾ ਹੈ। ਇਸ ਤਸਵੀਰ 'ਤੇ ਆਪਣੀਆਂ ਪ੍ਰਤੀਕਿਰਿਆਵਾਂ ਦਿੰਦਿਆਂ ਪ੍ਰਸ਼ੰਸਕਾਂ ਨੇ ਵੀ ਆਪਣੀਆਂ ਭਾਵਨਾਵਾਂ ਤੇ ਪਿਆਰ ਦਿੱਤਾ ਹੈ। ਇੱਕ ਨੇ ਕਿਹਾ, "ਅਭਿਸ਼ੇਕ ਹੋਰ ਕਈਆਂ ਨਾਲੋਂ ਬਹੁਤ ਵਧੀਆ ਅਦਾਕਾਰ ਹੈ।" ਅਦਾਕਾਰ ਨਮੀਸ਼ ਚਕਰਬਰਤੀ ਨੇ ਕਿਹਾ, "ਉਹ ਇੱਕ ਅਜਿਹਾ ਨਗੀਨਾ ਅਦਾਕਾਰ ਹੈ, ਜਿਸ ਦਾ ਮੁੱਲ ਹਾਲੇ ਨਹੀਂ ਪਿਆ ਹੈ।" ਇੱਕ ਹੋਰ ਨੇ ਕਿਹਾ, "ਇਹ ਕਿਸੇ ਵੀ ਐਵਾਰਡ ਨਾਲੋਂ ਵੱਡਾ ਸਨਮਾਨ ਹੈ..ਬਾਹਰੋਂ ਮਿਲਣ ਵਾਲੀ ਸ਼ਲਾਘਾ ਨਾਲੋਂ ਆਪਣੇ ਪਿਤਾ ਤੋਂ ਮਿਲਣ ਵਾਲੀ ਹੱਲਾਸ਼ੇਰੀ ਕਿਤੇ ਵੱਧ ਮਹੱਤਵਪੂਰਨ ਹੈ...ਤੁਸੀਂ ਜਿਵੇਂ ਆਪਣੇ ਪੁੱਤਰ ਦੇ ਕੰਮ ਦੀ ਸ਼ਲਾਘਾ ਕੀਤੀ, ਇਹ ਬਹੁਤ ਹੀ ਵਧੀਆ ਹੈ ਸਰ।" ਅਭਿਸ਼ੇਕ ਦੀ ਟੀਮ 'ਜੈਪੁਰ ਪਿੰਕ ਪੈਂਥਰਜ਼' ਨੂੰ ਇਸ ਵਾਰ 'ਕਲੱਬ ਆਫ ਦਿ ਯੀਅਰ' ਦੇ ਖਿਤਾਬ ਨਾਲ ਸਨਮਾਨਿਆ ਗਿਆ ਹੈ। ਜ਼ਿਕਰਯੋਗ ਹੈ ਕਿ ਅਦਾਕਾਰ ਅਭਿਸ਼ੇਕ ਬੱਚਨ ਨੇ ਸਨ 2000 ਵਿੱਚ ਫਿਲਮ 'ਰਿਫਿਊਜੀ' ਤੋਂ ਆਪਣੇ ਇਸ ਸਫ਼ਰ ਦੀ ਸ਼ੁਰੂਆਤ ਕੀਤੀ ਸੀ।



## ਦਰਸ਼ਕਾਂ ਦਾ ਮਨੋਰੰਜਨ ਕਰਨਾ ਮੇਰੇ ਬਚਪਨ ਦਾ ਸੁਫ਼ਨਾ ਸੀ-ਸ਼ਰਧਾ

ਅਦਾਕਾਰਾ ਸ਼ਰਧਾ ਕਪੂਰ ਦਾ ਕਹਿਣਾ ਹੈ ਕਿ ਉਸ ਦੇ ਮੋਢਿਆਂ 'ਤੇ ਵਧੀਆ ਪੇਸ਼ਕਾਰੀ ਦੇਣ ਦੀ ਬਹੁਤ ਵੱਡੀ ਜ਼ਿੰਮੇਦਾਰੀ ਹੈ, ਕਿਉਂਕਿ ਉਸ ਦੇ ਪ੍ਰਸ਼ੰਸਕਾਂ ਨੂੰ ਉਸ ਤੋਂ ਵੱਡੀਆਂ ਆਸਾਂ ਹਨ ਇਸ ਲਈ ਉਸ ਦੀ ਜ਼ਿੰਮੇਵਾਰੀ ਦਾ ਭਾਰ ਵੀ ਓਨਾ ਹੀ ਵੱਡਾ ਹੈ। ਇਹ ਸ਼ਰਧਾ ਦਾ ਬਚਪਨ ਦਾ ਸੁਫ਼ਨਾ ਸੀ ਕਿ ਉਸ ਨੂੰ ਲੋਕਾਂ ਦਾ ਬਹੁਤ ਸਾਰਾ ਪਿਆਰ ਮਿਲੇ ਤੇ ਉਹ ਉਨ੍ਹਾਂ ਦੀਆਂ ਆਸਾਂ 'ਤੇ ਪੂਰੀ ਉਤਰਨ ਲਈ ਜੀਅ ਤੋੜ ਮਿਹਨਤ ਕਰੇ। ਅਦਾਕਾਰਾ ਨੂੰ ਪੁੱਛਿਆ ਗਿਆ ਕਿ ਕੀ ਫਿਲਮ 'ਤੂ ਝੂਠੀ ਮੈਂ ਮੱਕਾਰ' ਨੂੰ ਮਿਲੀ ਸਫ਼ਲਤਾ ਮਗਰੋਂ ਉਸ ਨੂੰ ਕੋਈ ਦਬਾਅ ਮਹਿਸੂਸ ਹੋ ਰਿਹਾ ਹੈ। ਅਦਾਕਾਰਾ ਨੇ ਕਿਹਾ, "ਜ਼ਾਹਿਰ ਤੌਰ 'ਤੇ ਇਸ ਨਾਲ ਮੇਰੀ ਜ਼ਿੰਮੇਵਾਰੀ ਹੋਰ ਵਧੀ ਹੈ। ਮੈਨੂੰ ਲੱਗਦਾ ਹੈ ਕਿ ਮੈਂ ਇੱਥੇ ਲੋਕਾਂ ਦਾ ਮਨੋਰੰਜਨ ਕਰਨ ਲਈ ਹਾਂ ਤੇ ਮੈਂ ਇਹ ਕੰਮ ਕਰਦੇ ਰਹਿਣਾ ਚਾਹੁੰਦੀ ਹਾਂ। ਮੈਂ ਉਨ੍ਹਾਂ ਫਿਲਮਾਂ ਦਾ ਹਿੱਸਾ ਬਣਨਾ ਚਾਹੁੰਦੀ ਹਾਂ, ਜੋ ਲੋਕਾਂ ਦਾ ਮਨੋਰੰਜਨ ਕਰਨ, ਇਸ ਲਈ ਮੈਂ ਇਸ ਜ਼ਿੰਮੇਵਾਰੀ ਨੂੰ ਤਹਿ ਦਿਲੋਂ ਸਵੀਕਾਰਦੀ ਹਾਂ। ਇਹ ਬਹੁਤ ਹੀ ਉਤਸਾਹ ਵਾਲਾ ਹੈ ਤੇ ਮੈਨੂੰ ਇਹ ਤਾਕਤ ਮੇਰੇ ਦਰਸ਼ਕਾਂ ਤੋਂ ਹੀ ਮਿਲਦੀ ਹੈ। ਉਨ੍ਹਾਂ ਕਰ ਕੇ ਹੀ ਮੈਂ ਆਪਣੇ ਇਸ ਬਚਪਨ ਦੇ ਸੁਫ਼ਨੇ ਨੂੰ ਜਿਊਂ ਸਕੀ ਹਾਂ।" ਆਪਣੇ ਅਗਲੇ ਪ੍ਰਾਜੈਕਟ ਦੀ ਗੱਲ ਕਰਦਿਆਂ ਅਦਾਕਾਰ ਨੇ ਦੱਸਿਆ ਕਿ ਛੇਤੀ ਹੀ ਉਹ 2018 ਵਿੱਚ ਆਈ ਆਪਣੀ ਫਿਲਮ 'ਸਤ੍ਰੀ' ਦੇ ਅਗਲੇ ਭਾਗ ਵਿੱਚ ਵੀ ਕੰਮ ਕਰੇਗੀ।


# TSM GALLERY

High quality artwork for your home or business, religious or public places.
We specialize in all kind of wallpaper installation.

Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .







**Tejpal Singh Mann (Artist)**
**778-885-2197**

9353 120st Delta BC (By Appointment)
www.tsmgallery.ca | www.jollyarts.ca






# ਜਿਮੀ ਸ਼ੇਰਗਿੱਲ ਦੀ ਹੌਲੀਵੁੱਡ ਸਟਾਰ ਪੇਦਰੋ ਪਾਸਕਲ ਨਾਲ ਤੁਲਨਾ

ਮੁੰਬਈ-ਸੋਸ਼ਲ ਮੀਡੀਆ 'ਤੇ ਇੱਕ ਯੂਜ਼ਰ ਨੇ ਬੌਲੀਵੁੱਡ ਅਦਾਕਾਰ ਜਿਮੀ ਸ਼ੇਰਗਿੱਲ ਦੀ ਤੁਲਨਾ 'ਦਿ ਲਾਸਟ ਆਫ ਅਸ' ਫਿਲਮ ਦੇ ਸਟਾਰ ਪੇਦਰੋ ਪਾਸਕਲ ਨਾਲ ਕੀਤੀ ਹੈ। ਟਵਿੱਟਰ 'ਤੇ ਯੂਜ਼ਰ ਨੇ ਜਿਮੀ ਅਤੇ ਪਾਸਕਲ ਦੀ ਤਸਵੀਰ ਸਾਂਝੀ ਕੀਤੀ ਹੈ ਜਿਸ ਵਿਚ ਜਿਮੀ ਸ਼ੇਰਗਿੱਲ ਮੁੱਛਾਂ ਨੂੰ ਤਾਅ ਦਿੰਦਾ ਨਜ਼ਰ ਆ ਰਿਹਾ ਹੈ। ਇਸ ਯੂਜ਼ਰ ਨੇ ਕੈਪਸ਼ਨ ਵਿਚ ਲਿਖਿਆ, 'ਮਾਂ ਨੇ ਕਿਹਾ ਸੀ ਕਿ ਪੇਦਰੋ ਪਾਸਕਲ ਬਿਲਕੁਲ ਜਿੰਮੀ ਸ਼ੇਰਗਿੱਲ ਵਰਗਾ ਲੱਗਦਾ ਹੈ ਅਤੇ ਹੁਣ ਮੈਂ ਕੁਝ ਉਲਝਣ ਵਿੱਚ ਹਾਂ।' ਜਿਮੀ ਨੇ ਪੋਸਟ ਨੂੰ ਰੀ-ਟਵੀਟ ਕਰਦਿਆਂ ਸੰਦੇਸ਼ ਭੇਜਿਆ ਜਿਸ ਵਿਚ ਉਸ ਨੇ ਲਿਖਿਆ, 'ਉਨ੍ਹਾਂ ਨੂੰ ਮੇਰੀਆਂ ਸ਼ੁਭਕਾਮਨਾਵਾਂ।' ਇਸ ਦੇ ਨਾਲ ਹੀ ਜਿਮੀ ਨੇ ਹੱਥ ਜੋੜਦਿਆਂ ਤੇ ਹੱਸਦਿਆਂ ਦੀ ਇਮੋਜੀ ਵੀ ਸਾਂਝੀ ਕੀਤੀ। 52 ਸਾਲਾ ਸ਼ੇਰਗਿੱਲ ਨੇ ਆਖਰੀ ਵਾਰ ਸੁਦੀਪਤੋ ਸਰਕਾਰ ਦੀ 'ਅਪ੍ਰੇਸ਼ਨ ਮੇਅਫੇਅਰ' ਵਿੱਚ ਕੰਮ ਕੀਤਾ ਸੀ। ਜਿਮੀ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 1996 'ਚ ਆਈ ਫਿਲਮ 'ਮਾਚਿਸ' ਨਾਲ ਕੀਤੀ ਸੀ। ਉਸ ਨੇ ਬਾਅਦ ਵਿੱਚ 'ਮੁਹੱਬਤੇਂ', 'ਮੇਰੇ ਯਾਰ ਕੀ ਸ਼ਾਦੀ ਹੈ', 'ਮੁੰਨਾ ਬਾਈ ਐੱਮਬੀਬੀਐੱਸ', 'ਹਮ ਤੁਮ', 'ਏ ਵੈਡਨਸਡੇਅ' 'ਤਨੂ ਵੈਡਜ਼ ਮਨੂ' 'ਸਪੈਸ਼ਲ 26', 'ਮਾਈ ਨੇਮ ਇਜ਼ ਖਾਨ' ਆਦਿ ਫਿਲਮਾਂ ਵਿਚ ਕੰਮ ਕੀਤਾ।

# 14 ਅਪ੍ਰੈਲ ਨੂੰ ਰਿਲੀਜ਼ ਹੋਵੇਗੀ 'ਉਡੀਕਾਂ ਤੇਰੀਆਂ'

## ਜਸਵਿੰਦਰ ਭੱਲਾ, ਅਮਰ ਨੂਰੀ ਸਮੇਤ ਕਈ ਦਿੱਗਜ਼ ਅਦਾਕਾਰ ਦਿਖਾਉਣਗੇ ਆਪਣੀ ਕਲਾਕਾਰੀ

ਮੋਹਾਲੀ-ਪੰਜਾਬੀ ਅਦਾਕਾਰਾ ਅਤੇ ਗਾਇਕਾ ਅਮਰ ਨੂਰੀ ਆਉਣ ਵਾਲੀ ਪੰਜਾਬ ਫ਼ਿਲਮ 'ਉਡੀਕਾਂ ਤੇਰੀਆਂ' ਵਿੱਚ ਅਹਿਮ ਕਿਰਦਾਰ ਨਿਭਾਉਂਦੇ ਦਿਖਾਈ ਦੇਣਗੇ। ਇਸ ਫਿਲਮ ਵਿੱਚ ਅਦਾਕਾਰਾ ਤੋਂ ਇਲਾਵਾਂ ਜਸਵਿੰਦਰ ਭੱਲਾ, ਵਿੰਦੂ ਦਾਰਾ ਸਿੰਘ ਸੀਮਾ ਕੌਸ਼ਲ, ਪੁਖਰਾਜ ਭੱਲਾ, ਹਾਰਬੀ ਸੰਘਾ ਅਤੇ ਕਈ ਹੋਰ ਦਿੱਗਜ਼ ਕਲਾਕਾਰ ਦਿਖਾਈ ਦੇਣਗੇ। ਉਡੀਕਾਂ ਤੇਰੀਆਂ ਦੋ ਲੋਕਾਂ ਦਾ ਇੱਕ ਇਮੋਸ਼ਨਲ ਡਰਾਮਾ ਹੈ ਜੋ ਆਪਣੇ ਗੁੰਮ ਹੋਏ ਸਾਥੀ ਦੀ ਭਾਲ ਵਿੱਚ ਹੁੰਦੇ ਹਨ। ਪਿਆਰ, ਅਤੀਤ, ਨਵੀਂ ਕਿਸਮਤ ਅਤੇ ਸਮਾਜ ਦੀ ਸੋਚ ਸਮੇਤ ਹੋਰ ਕਈ ਪਹਿਲੂਆਂ ਨੂੰ ਦਰਸਾਉਂਦੀ ਇਸ ਫ਼ਿਲਮ ਨੂੰ ਤੁਸੀਂ ਖ਼ੂਬ ਪਸੰਦ ਕਰੋਗੇ। ਦੱਸ ਦੇਈਏ ਕਿ ਇਹ ਫ਼ਿਲਮ 14 ਅਪ੍ਰੈਲ ਨੂੰ ਰਿਲੀਜ਼ ਹੋ ਰਹੀ ਹੈ ਅਤੇ ਦਰਸ਼ਕਾਂ ਵਲੋਂ ਫ਼ਿਲਮ ਦਾ ਬੇਸਬਰੀ ਨਾਲ ਇਤਜ਼ਾਰ ਕੀਤਾ ਜਾ ਰਿਹਾ ਹੈ। ਇਹ ਫ਼ਿਲਮ ਮੁਕੇਸ਼ ਸ਼ਰਮਾ ਅਤੇ ਸਾਗੀ ਏ. ਅਗਨੀਹੋਤਰੀ ਵਲੋਂ ਪ੍ਰੋਡਿਊਸ ਕੀਤੀ ਗਈ ਹੈ।




# 'ਮਿਰਗ' ਵਿਚ ਦਿਖਾਈ ਦੇਵੇਗਾ ਸਤੀਸ਼ ਕੌਸ਼ਿਕ

ਮੁੰਬਈ-ਫਿਲਮ 'ਮਿਰਗ' ਵਿੱਚ ਮਰਹੂਮ ਅਦਾਕਾਰ ਤੇ ਨਿਰਦੇਸ਼ਕ ਸਤੀਸ਼ ਕੌਸ਼ਿਕ ਵੀ ਦਿਖਾਈ ਦੇਵੇਗਾ। ਇਹ ਸਤੀਸ਼ ਕੌਸ਼ਿਕ ਦੀ ਆਖ਼ਰੀ ਫਿਲਮ ਹੈ, ਜਿਸ ਵਿੱਚ ਉਸ ਨੇ ਕੰਮ ਕੀਤਾ ਹੈ। ਇਸ ਫਿਲਮ ਵਿੱਚ ਰਾਜ ਬੱਬਰ, ਅਨੂਪ ਸੋਨੀ ਤੇ ਸ਼ਵੇਤਾਭ ਸਿੰਘ ਵੀ ਪ੍ਰਮੁੱਖ ਭੂਮਿਕਾਵਾਂ ਨਿਭਾਅ ਰਹੇ ਹਨ। ਫਿਲਮ 'ਮਿਰਗ' ਹਿਮਾਚਲ ਪ੍ਰਦੇਸ਼ ਦੇ ਖੇਤਰ ਵਿੱਚ ਮਸ਼ਹੂਰ ਪਹਾੜੀ ਤੇਂਦੂਏ ਦੀ ਕਹਾਣੀ 'ਤੇ ਆਧਾਰਿਤ ਹੈ। ਫਿਲਮ ਬਾਰੇ ਗੱਲ ਕਰਦਿਆਂ ਨਿਰਦੇਸ਼ਕ ਤਰੁਨ ਸ਼ਰਮਾ ਨੇ ਕਿਹਾ, "ਮਿਰਗ' ਤਿਆਰ ਕਰਨ ਵੇਲੇ ਮੇਰਾ ਮੁੱਖ ਉਦੇਸ਼ ਸੀ ਕਿ ਮੈਂ ਇੱਕ ਅਜਿਹੀ ਫਿਲਮ ਬਣਾਵਾਂ, ਜਿਸ ਵਿੱਚ ਦਰਸ਼ਕ ਖੁਭ ਜਾਣ ਤੇ ਫਿਲਮ ਵਿੱਚਲੀ ਕਹਾਣੀ ਨਾਲ ਤੁਰਦੇ ਹੋਏ ਇੱਕ ਵੱਖਰੇ ਸੰਸਾਰ ਦੀ ਸੈਰ ਕਰਨ। ਮੇਰੇ ਲਈ ਇਹੀ ਸਿਨੇਮਾ ਦਾ ਜਾਦੂ ਹੈ।' ਤਰੁਨ ਨੇ ਕਿਹਾ, 'ਮੈਂ ਖ਼ੁਸ਼ਨਸੀਬ ਹਾਂ ਕਿ ਮੈਨੂੰ ਆਪਣੀ ਪਹਿਲੀ ਫਿਲਮ ਵਿੱਚ ਰਾਜ ਬੱਬਰ, ਸਤੀਸ਼ ਕੌਸ਼ਿਕ ਤੇ ਅਨੂਪ ਸੋਨੀ ਵਰਗੇ ਕਲਾਕਾਰਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ।'

ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER** (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

ICBC autoplan

**OPEN 7 DAYS**

www.goldkeyinsurance.ca


Rajan MANGOES
NOW AVAILABLE ONLY AT
fruiticana
SINCE 1994
fruiticana hee jaana!
LOWEST PRICES IN TOWN
EXTRA EXTRA SUPER SPECIAL
Available Only at Fruiticana
Rajan Haden Mangoes 4 kg
ਰਾਜਨ ਹੇਡਨ ਅੰਬ
$16.99 box
EXTRA SUPER SUPER SPECIAL
Roma & Reg. Round Tomatoes
ਰੋਮਾ ਜਾਂ ਗੋਲ ਟਮਾਟਰ
98¢ lb
Rooh Afza Indian 750 ml
ਰੂਹ ਅਫਜ਼ਾ
$3.99 bottle
SUPER SPECIAL
Red Onions 25 lbs
ਲਾਲ ਗੰਢੇ
$9.98 bag
SUPER SPECIAL
Indian Eggplants
ਦੇਸੀ ਬਤਾਊਂ
99¢ lb
SUPER SPECIAL
Cilantro
ਧਨੀਆ
2 bunches for 99¢
Green Cabbage
ਹਰੀ ਬੰਦ ਗੋਭੀ
69¢ lb
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
SUPER SPECIAL
Zucchini Squash
ਜ਼ੁਕੀਨੀ ਸਕੁਐਸ਼
79¢ lb
SUPER SPECIAL
Yellow Onions 50 lbs
ਪੀਲੇ ਗੰਢੇ
$11.98 bag
SUPER SPECIAL
Spinach
ਪਾਲਕ
$1.39 bunch
Green Cardamom (Elaichi) FG
ਹਰੀ ਇਲਾਇਚੀ ਐੱਫ ਜੀ
$13.99 lb
Almonds #1
ਬਦਾਮ
$3.98 lb
Russet Potatoes Snoboy 10 lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #1
$4.98 bag
Red Seedless Grapes
ਅੰਗੂਰ ਲਾਲ (ਬਿਨਾਂ ਬੀਜ ਤੋਂ)
$1.99 lb
Pink Lady Apples
ਪੀਂਕ ਲੇਡੀ ਐਪਲ
$1.29 lb
Gachak Indican 400 g
ਇੰਡੀਕੈਂਨ ਗੱਚਕ
$1.99 pkg.
Sher Besan (Chana Flour) 4lbs
ਸ਼ੇਰ ਵੇਸਣ
$3.98 bag
Fresh Garlic
ਤਾਜਾ ਲਸਣ
98¢ lb
Opo Squash
ਓਪੋ ਕੱਦੂ
99¢ lb
Long English Cucumber
ਲੰਬੇ ਇੰਗਲਿਸ਼ ਖੀਰੇ
88¢ ea.
Sohna Saag 850 g
ਸੋਹਨਾ ਪਾਲਕ 850g
$2.99 can
Black Chana, Chana Dal & Red Lentil Whole 4 lbs (Indican)
ਕਾਲੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ (ਇੰਡੀਕੈਂਨ)
$3.88 bag
Daikon (Moli)
ਮੂਲੀ
99¢ lb
Large Seedless Oranges
ਵੱਡੇ ਸੰਤਰੇ (ਬਿਨਾ ਬੀਜ ਤੋਂ)
99¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Dabur Rose Water 250 ml
ਡਾਬਰ ਗੁਲਾਬ ਪਾਣੀ
$1.99 ea.
Fri Mar 31, 2023 - Wed Apr 05, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ------------ 12990 72nd Ave. ------------ 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. --------------- 604-372-2023
Surrey ------------ 101-7228 192St. -------------- 604-575-3750
New Westminster 101-331 6th St. --------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520